ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA
Weekly

*Since April 2005* Editor : Sharanjit Singh Thind

**Vol. 20 Issue 36** Friday October 29 to November 5, 2021 www.PUNJABIDUNIYA.com **Published Weekly from New York**

Thinking of Buying/Selling ?
WINZONE REALTY INC.

**Baldev Singh**
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com



# ਅਜੈ ਮਿਸ਼ਰਾ ਦੀ ਤੁਰੰਤ ਗ੍ਰਿਫ਼ਤਾਰੀ ਲਈ ਕਿਸਾਨਾਂ ਵੱਲੋਂ ਰੋਸ ਮੁਜ਼ਾਹਰੇ

## ਪੰਜਾਬ 'ਚ ਕਿਸਾਨਾਂ ਵੱਲੋਂ ਟੈਨੀ ਦੀ ਬਰਖ਼ਾਤਗੀ ਦੀ ਮੰਗ ਨੂੰ ਲੈ ਕੇ ਧਰਨੇ

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਹੁੰਗਾਰਾ ਭਰਦਿਆਂ, ਲਖੀਮਪੁਰ ਖੇੜੀ ਕਤਲੇਆਮ ਦੇ ਸੂਤਰਧਾਰ ਅਜੈ ਮਿਸ਼ਰਾ ਟੈਨੀ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਅਤੇ ਬਰਖਾਸਤ ਕਰਨ ਦੀ ਮੰਗ ਲਈ, ਪੂਰੇ ਭਾਰਤ ਵਿੱਚ ਸੈਂਕੜੇ ਥਾਵਾਂ 'ਤੇ ਰੋਸ ਪ੍ਰਦਰਸ਼ਨ ਕੀਤੇ ਗਏ। ਰੋਸ ਮਾਰਚ, ਮੋਟਰਸਾਈਕਲ ਰੈਲੀਆਂ, ਧਰਨੇ ਆਦਿ ਸਮੇਤ ਵੱਖ-ਵੱਖ ਰੂਪ ਧਾਰਨ ਕਰ ਗਏ। ਕਿਸਾਨਾਂ ਨੇ ਮੇਰਠ ਕੁਲੈਕਟੋਰੇਟ ਵਿੱਚ ਟਰੈਕਟਰਾਂ ਨਾਲ ਰੋਸ ਪ੍ਰਦਰਸ਼ਨ ਕੀਤਾ। ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਦਿੱਲੀ, ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਪੱਛਮੀ ਬੰਗਾਲ, ਰਾਜਸਥਾਨ ਅਤੇ ਆਂਧਰਾ ਪ੍ਰਦੇਸ਼ ਤੋਂ ਰਿਪੋਰਟਾਂ ਆਈਆਂ ਹਨ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਦੇਸ਼ ਦੇ ਕਿਸਾਨਾਂ ਵੱਲੋਂ ਅੱਜ ਜੋ ਪੱਤਰ ਸਥਾਨਕ ਮੁੱਖ ਸਰਕਾਰੀ ਅਧਿਕਾਰੀਆਂ ਰਾਹੀਂ ਰਾਸ਼ਟਰਪਤੀ ਦੇ ਨਾਂ ਭੇਜਿਆ ਹੈ, ਦੀਆਂ ਮੰਗਾਂ 'ਚ ਅਜੈ ਮਿਸ਼ਰਾ ਦੀ ਬਰਖ਼ਾਸਤਗੀ, 120ਬੀ ਧਾਰਾ ਹੇਠ ਗ੍ਰਿਫ਼ਤਾਰੀ ਤੇ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਐੱਸਆਈਟੀ ਵੱਲੋਂ ਜਾਂਚ ਕੀਤੇ ਜਾਣਾ ਸ਼ਾਮਲ ਹੈ। ਮੋਰਚੇ ਵੱਲੋਂ ਕਿਸਾਨਾਂ ਨੂੰ ਕੀਤੀ ਅਪੀਲ 'ਤੇ ਲਖੀਮਪੁਰ ਖੀਰੀ (ਉੱਤਰ ਪ੍ਰਦੇਸ਼) ਦੇ ਤਿਕੁਨੀਆ 'ਚ ਕਿਸਾਨ ਕਤਲੇਆਮ ਨਾਲ ਸਬੰਧਤ ਇਸ ਪੱਤਰ ਨੂੰ ਅਧਿਕਾਰੀਆਂ ਰਾਹੀਂ ਰਾਸ਼ਟਰਪਤੀ ਨੂੰ ਭੇਜੇ ਗਏ। ਕਿਸਾਨਾਂ ਵੱਲੋਂ ਥਾਂ-ਥਾਂ ਧਰਨੇ ਪ੍ਰਦਰਸ਼ਨ ਕੀਤੇ ਗਏ। ਪੱਤਰ 'ਚ ਜ਼ਿਕਰ ਕੀਤਾ ਗਿਆ ਹੈ ਕਿ, 'ਲਖੀਮਪੁਰ ਖੀਰੀ ਕਿਸਾਨ ਕਤਲੇਆਮ (3 ਅਕਤੂਬਰ 2021 ਦੀ ਘਟਨਾ, ਜਿਸ ਨੂੰ 3 ਹਫ਼ਤਿਆਂ ਤੋਂ ਵੱਧ ਸਮਾਂ ਬੀਤ ਚੁੱਕਾ ਹੈ) ਦੀ ਜਿਸ ਤਰ੍ਹਾਂ ਜਾਂਚ ਹੋ ਰਹੀ ਹੈ, ਉਸ ਨੂੰ ਪੂਰਾ ਦੇਸ਼ ਨਿਰਾਸ਼ਾ ਤੇ ਗੁੱਸੇ ਨਾਲ ਦੇਖ ਰਿਹਾ ਹੈ, ਸੁਪਰੀਮ ਕੋਰਟ ਨੇ ਵੀ ਇਸ ਬਾਰੇ ਪਹਿਲਾਂ ਕਈ ਟਿੱਪਣੀਆਂ ਕੀਤੀਆਂ ਹੈ। ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਦੀ ਘਾਟ ਤੋਂ ਹੈਰਾਨ ਹੈ, ਜਿੱਥੇ ਅਜੈ ਮਿਸ਼ਰਾ ਟੈਨੀ ਹੁਣ ਤੱਕ ਮੰਤਰੀ ਮੰਡਲ ਵਿੱਚ ਰਾਜ ਮੰਤਰੀ ਬਣੇ ਹੋਏ ਹਨ। ਲਖੀਮਪੁਰ ਖੇੜੀ ਕਤਲੇਆਮ ਦੀ ਤੀਜੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਦੀ ਖਿਚਾਈ ਕੀਤੀ। ਸੀਜੇਆਈ ਦੀ ਅਗਵਾਈ ਵਾਲੇ ਬੈਂਚ ਨੇ ਇਸ ਤੱਥ 'ਤੇ ਹੈਰਾਨੀ ਪ੍ਰਗਟ ਕੀਤੀ ਕਿ ਇਸ ਮਾਮਲੇ ਵਿਚ ਸਿਰਫ਼ 23 ਚਸ਼ਮਦੀਦ ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਸਨ ਜਦੋਂ ਰੈਲੀ ਵਿਚ ਸੈਂਕੜੇ ਲੋਕ ਮੌਜੂਦ ਸਨ। ਯੂਪੀ ਸਰਕਾਰ ਨੂੰ ਹੋਰ ਚਸ਼ਮਦੀਦ ਗਵਾਹਾਂ ਦੀ ਪਛਾਣ ਕਰਨ, ਉਨ੍ਹਾਂ ਨੂੰ ਸੁਰੱਖਿਆ ਦੇਣ ਅਤੇ ਉਨ੍ਹਾਂ ਦੇ ਬਿਆਨ ਦਰਜ ਕਰਨ ਲਈ ਕਿਹਾ ਗਿਆ ਸੀ। ਯੂਪੀ ਸਰਕਾਰ ਨੇ ਆਪਣੇ ਬਿਆਨ ਦਰਜ ਕਰਵਾਉਣ ਲਈ 68 ਗਵਾਹਾਂ ਨੂੰ ਸੂਚੀਬੱਧ ਕੀਤਾ ਹੈ, ਜਿਨ੍ਹਾਂ ਵਿੱਚੋਂ 23 ਚਸ਼ਮਦੀਦ ਗਵਾਹਾਂ ਸਮੇਤ ਹੁਣ ਤੱਕ ਸਿਰਫ਼ 30 ਦੇ ਹੀ ਬਿਆਨ ਦਰਜ ਹੋਏ ਹਨ। ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਫੋਰੈਂਸਿਕ ਜਾਂਚ ਵਿੱਚ ਤੇਜ਼ੀ ਲਿਆਉਣ ਲਈ ਕਿਹਾ, ਜਾਂ ਕਿਹਾ ਕਿ ਉਹ ਇਸ ਲਈ ਪ੍ਰਯੋਗਸ਼ਾਲਾਵਾਂ ਨੂੰ ਨਿਰਦੇਸ਼ ਜਾਰੀ ਕਰੇਗੀ। ਅਗਲੀ ਸੁਣਵਾਈ 8 ਨਵੰਬਰ 2021 ਲਈ ਰੱਖੀ ਗਈ ਹੈ।

ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਕਿਸਾਨ ਮੋਰਚੇ ਦੇ 11 ਮਹੀਨੇ ਮੁਕੰਮਲ ਹੋਣ 'ਤੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ ਨੇ ਡਿਪਟੀ ਕਮਿਸ਼ਨਰ ਅਤੇ ਐੱਸਡੀਐੱਮ ਦਫ਼ਤਰਾਂ ਅੱਗੇ ਧਰਨੇ ਦਿੱਤੇ ਗਏ ਜਿਸ 'ਚ ਵੱਡੀ ਗਿਣਤੀ 'ਚ ਨੌਜਵਾਨ, ਬਜ਼ੁਰਗ, ਔਰਤਾਂ ਅਤੇ ਵੱਖ-ਵੱਖ ਵਰਗਾਂ ਦੇ ਲੋਕ ਸ਼ਾਮਲ ਹੋਏ। ਕਿਸਾਨਾਂ ਨੇ ਲਖੀਮਪੁਰ ਖੀਰੀ ਘਟਨਾ ਦੇ ਕਥਿਤ ਮੁਲਜ਼ਮ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਬਰਖਾਸਤਗੀ ਅਤੇ ਗ੍ਰਿਫ਼ਤਾਰੀ ਦੀ ਮੰਗ ਕੀਤੀ। ਇਸ ਸਬੰਧੀ ਕਿਸਾਨ ਜਥੇਬੰਦੀਆਂ ਨੇ ਰਾਸ਼ਟਰਪਤੀ ਦੇ ਨਾਂ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪੇ। ਕਿਸਾਨ ਆਗੂ ਬੂਟਾ ਸਿੰਘ ਬੁਰਜਗਿੱਲ, ਹਰਮੀਤ ਸਿੰਘ ਕਾਦੀਆਂ, ਜਗਜੀਤ ਸਿੰਘ ਡੱਲੇਵਾਲ, ਬਲਦੇਵ ਸਿੰਘ ਨਿਹਾਲਗੜ੍ਹ, ਰੁਲਦੂ ਸਿੰਘ ਮਾਨਸਾ, ਜੰਗਬੀਰ ਸਿੰਘ ਚੌਹਾਨ ਸਣੇ ਹੋਰਨਾਂ ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਲਖੀਮਪੁਰ ਖੀਰੀ 'ਚ ਭਾਜਪਾ ਆਗੂ ਦੀ ਸ਼ਹਿ 'ਤੇ 4 ਕਿਸਾਨਾਂ ਅਤੇ ਇੱਕ ਪੱਤਰਕਾਰ ਨੂੰ ਦਰੜ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਬਰਖਾਸਤ ਕਰ ਕੇ ਗ੍ਰਿਫ਼ਤਾਰ ਕੀਤਾ ਜਾਵੇ ਤੇ ਮਾਮਲੇ ਦੀ ਨਿਰਪੱਖ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕੇਂਦਰੀ ਗ੍ਰਹਿ ਰਾਜ ਮੰਤਰੀ ਨੂੰ

**ਬਾਕੀ ਸਫ਼ਾ 13 'ਤੇ**

## ਹਰਿਆਣਾ 'ਚ ਕਿਸਾਨਾਂ ਡੀਸੀ ਦਫ਼ਤਰ ਘੇਰੇ

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਨੇ ਵੀ ਸੂਬੇ 'ਚ ਡਿਪਟੀ ਕਮਿਸ਼ਨਰ ਅਤੇ ਐੱਸਡੀਐੱਮ ਦਫ਼ਤਰਾਂ ਦਾ ਘਿਰਾਓ ਕੀਤਾ। ਕਿਸਾਨ ਆਗੂਆਂ ਨੇ ਕੇਂਦਰੀ ਗ੍ਰਹਿ ਰਾਜ ਮੰਤਰੀ ਦੀ ਬਰਖ਼ਾਸਤਗੀ ਕਰ ਕੇ ਗ੍ਰਿਫ਼ਤਾਰੀ ਕਰਨ ਅਤੇ ਮਾਮਲੇ ਦੀ ਸੁਪਰੀਮ ਕੋਰਟ ਦੀ ਦੇਖ-ਰੇਖ ਹੇਠ ਜਾਂਚ ਕਰਵਾਉਣ ਲਈ ਮੰਗ ਪੱਤਰ ਦਿੱਤੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਗਾਜ਼ੀਪੁਰ ਬਾਰਡਰ 'ਤੇ ਸੰਬੋਧਨ ਕਰਦੇ ਹੋਏ।



**Insurance**
Tel : 516 NLIGHT 8 (516 654 4488)

# ਬੀ.ਐੱਸ.ਐੱਫ. ਦੇ ਮੁੱਦੇ 'ਤੇ ਡਟੀਆਂ ਪੰਜਾਬ ਦੀਆਂ ਸਿਆਸੀ ਧਿਰਾਂ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਸੱਦੀ ਗਈ ਸਰਬ ਪਾਰਟੀ ਮੀਟਿੰਗ ਵਿੱਚ ਕੇਂਦਰ ਵਲੋਂ ਸੂਬੇ ਵਿੱਚ ਕੌਮਾਂਤਰੀ ਸਰਹੱਦ ਦੇ ਨਾਲ ਲਗਦੇ ਇਲਾਕਿਆਂ ਵਿੱਚ ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕੀਤੇ ਜਾਣ ਦੇ ਫ਼ੈਸਲੇ ਦਾ ਸੰਵਿਧਾਨਕ, ਕਾਨੂੰਨੀ ਅਤੇ ਸਿਆਸੀ ਤੌਰ 'ਤੇ ਸਖ਼ਤ ਵਿਰੋਧ ਕਰਨ ਦਾ ਅਹਿਦ ਕੀਤਾ ਗਿਆ। ਸਾਰੀਆਂ ਪਾਰਟੀਆਂ ਨੇ ਜਿੱਥੇ ਇਸ ਮੁੱਦੇ 'ਤੇ ਇਕਜੁੱਟਤਾ ਪ੍ਰਗਟਾਈ ਉੱਥੇ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਮੁੱਖ ਮੰਤਰੀ ਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਹੋਈ ਮੀਟਿੰਗ ਦੇ ਮੁੱਦੇ 'ਤੇ ਸ੍ਰੀ ਚੰਨੀ 'ਤੇ ਨਿਸ਼ਾਨਾ ਵੀ ਸੇਧਿਆ।



ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਛੇਤੀ ਹੀ ਇਸ ਸੰਵੇਦਨਸ਼ੀਲ ਮੁੱਦੇ 'ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਤੇ ਸੁਪਰੀਮ ਕੋਰਟ 'ਚ ਕੇਂਦਰ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਦਾ ਫ਼ੈਸਲਾ ਵੀ ਕੀਤਾ ਗਿਆ। ਮੀਟਿੰਗ ਦੀ ਸ਼ੁਰੂਆਤ ਵਿੱਚ ਪੰਜਾਬ ਦੇ ਸ਼ਹੀਦ ਸੈਨਿਕਾਂ ਦੀ ਯਾਦ ਵਿੱਚ 2 ਮਿੰਟ ਦਾ ਮੌਨ ਵੀ ਰੱਖਿਆ ਗਿਆ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਤਿੰਨੋਂ ਕਾਲੇ ਖੇਤੀ ਕਾਨੂੰਨ ਵਿਧਾਨ ਸਭਾ ਦੇ ਆਗਾਮੀ ਇਜਲਾਸ ਵਿੱਚ ਮੁੱਢੋਂ ਰੱਦ ਕਰ ਦਿੱਤੇ ਜਾਣਗੇ। ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੇ ਨਾਲ ਵਿਚਾਰ-ਚਰਚਾ ਤੋਂ ਫ਼ੈਸਲਾ ਕੀਤਾ ਗਿਆ ਕਿ ਪ੍ਰਧਾਨ ਮੰਤਰੀ ਕੋਲੋਂ ਮਿਲਣ ਲਈ ਸਮਾਂ ਮੰਗਿਆ ਜਾਵੇ ਤਾਂ ਜੋ ਮੁੱਖ ਮੰਤਰੀ ਸਾਰੀਆਂ ਸਿਆਸੀ ਧਿਰਾਂ ਦਾ ਇੱਕ ਵਫ਼ਦ ਲੈ ਕੇ ਪ੍ਰਧਾਨ ਮੰਤਰੀ ਕੋਲ ਜਾਣ ਅਤੇ ਉਨ੍ਹਾਂ ਨੂੰ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਦੇ ਹੋਏ ਬੀ.ਐੱਸ.ਐੱਫ ਦਾ ਅਧਿਕਾਰ ਖੇਤਰ ਵਧਾਉਣ ਵਾਲਾ ਨੋਟੀਫ਼ਿਕੇਸ਼ਨ ਵਾਪਸ ਲੈਣ ਲਈ ਅਪੀਲ ਕਰਨ। ਸ੍ਰੀ ਚੰਨੀ ਨੇ ਗੈਰ-ਭਾਜਪਾ ਸਰਕਾਰਾਂ ਅਤੇ ਹੋਰ ਸਿਆਸੀ ਪਾਰਟੀਆਂ ਨਾਲ ਖਾਸ ਕਰ ਕੇ ਪੱਛਮੀ ਬੰਗਾਲ ਅਤੇ ਰਾਜਸਥਾਨ ਸੂਬਿਆਂ ਨਾਲ ਰਾਬਤਾ ਕਾਇਮ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਕਿਹਾ, 'ਸੂਬੇ ਵਿੱਚ ਸ਼ਾਂਤੀ, ਇਕਸੁਰਤਾ ਅਤੇ ਭਾਈਚਾਰੇ ਦੇ ਮਾਹੌਲ ਨੂੰ ਕਿਸੇ ਵੀ ਕੀਮਤ 'ਤੇ ਖ਼ਰਾਬ ਨਹੀਂ ਹੋਣ ਦਿੱਤਾ ਜਾਵੇਗਾ।' ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਇਸ ਮੁੱਦੇ ਦੀ ਜ਼ੋਰਦਾਰ ਮੁਖਾਲਫ਼ਤ ਕਰਨ ਲਈ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਇਸ ਮੀਟਿੰਗ ਵਿੱਚ ਭਾਰਤੀ ਜਨਤਾ ਪਾਰਟੀ ਸ਼ਾਮਲ ਨਹੀਂ ਹੋਈ। ਸਰਬ ਪਾਰਟੀ ਮੀਟਿੰਗ ਦੌਰਾਨ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਵੀ ਇੱਕ ਹੋਰ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ।

ਸਰਬ ਪਾਰਟੀ ਮੀਟਿੰਗ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਅਕਾਲੀ ਆਗੂ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਬੀਰ ਦਵਿੰਦਰ ਸਿੰਘ, ਸੀ.ਪੀ.ਆਈ. (ਐੱਮ) ਦੇ ਸੁਖਵਿੰਦਰ ਸਿੰਘ ਸੇਖੋਂ, ਸੀ.ਪੀ.ਆਈ. ਦੇ ਬੰਤ ਸਿੰਘ ਬਰਾੜ, ਟੀ.ਐੱਮ.ਸੀ ਪੰਜਾਬ ਯੂਨਿਟ ਦੇ ਮਨਜੀਤ ਸਿੰਘ ਮੁਹਾਲੀ, ਬਸਪਾ ਦੇ ਨਛੱਤਰਪਾਲ, 'ਆਪ' ਵਿਧਾਇਕ ਅਮਨ ਅਰੋੜਾ, ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ, ਸ਼੍ਰੋਮਣੀ ਅਕਾਲੀ ਦਲ (1920) ਦੇ ਹਰਬੰਸ ਸਿੰਘ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਗੁਰਿੰਦਰ ਸਿੰਘ, ਉੱਪ ਮੁੱਖ ਮੰਤਰੀ ਓਪੀ ਸੋਨੀ, ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ, ਮਨਪ੍ਰੀਤ ਸਿੰਘ ਬਾਦਲ, ਵਿਜੇ ਇੰਦਰ ਸਿੰਗਲਾ, ਪਰਗਟ ਸਿੰਘ ਅਤੇ ਰਣਦੀਪ ਸਿੰਘ ਨਾਭਾ ਅਤੇ ਫ਼ਤਹਿਗੜ੍ਹ ਸਾਹਿਬ ਤੋਂ ਵਿਧਾਇਕ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਵਰਕਿੰਗ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਹਾਜ਼ਰ ਸਨ।

ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਜਥੇਕਾਰ ਰਣਜੀਤ ਸਿੰਘ ਤਲਵੰਡੀ ਨੇ ਕੇਂਦਰ ਸਰਕਾਰ ਵਲੋਂ ਬੀ.ਐੱਸ.ਐੱਫ. ਦੇ ਅਧਿਕਾਰ ਖੇਤਰ ਵਧਾਉਣ ਦੇ ਫ਼ੈਸਲੇ ਦਾ ਵਿਰੋਧ ਕੀਤਾ। ਸ੍ਰੀ ਢੀਂਡਸਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਸਰਹੱਦੀ ਖੇਤਰ 'ਚ ਬੀ.ਐੱਸ.ਐੱਫ. ਦਾ ਅਧਿਕਾਰ ਵਧਾ ਕੇ ਸੂਬੇ ਦੇ ਅਧਿਕਾਰਾਂ 'ਤੇ ਡਾਕਾ ਮਾਰਿਆ ਗਿਆ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪਹਿਲਾਂ ਖੇਤੀ ਕਾਨੂੰਨਾਂ ਰਾਹੀਂ ਅਤੇ ਹੁਣ ਬੀ.ਐੱਸ.ਐੱਫ. ਰਾਹੀਂ ਸੂਬਿਆਂ ਦੇ ਅਧਿਕਾਰਾਂ ਦਾ ਕੇਂਦਰੀਕਰਨ ਕਰ ਰਹੀ ਹੈ ਜਿਸ ਦਾ ਸਭ ਨੂੰ ਮਿਲ ਕੇ ਵਿਰੋਧ ਕਰਨਾ ਚਾਹੀਦਾ ਹੈ।

## ਸ਼ਿਸ਼ਟਾਚਾਰ ਵਜੋਂ ਸ਼ਾਹ ਨੂੰ ਮਿਲਿਆ-ਚੰਨੀ

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵਲੋਂ ਉਨ੍ਹਾਂ ਦੀ ਅਮਿਤ ਸ਼ਾਹ ਨਾਲ ਮੀਟਿੰਗ ਨੂੰ ਗਲਤ ਰੰਗਤ ਦਿੱਤੀ ਜਾ ਰਹੀ ਹੈ ਜਦਕਿ ਇਸ ਦਾ ਨੋਟੀਫ਼ਿਕੇਸ਼ਨ ਨਾਲ ਰੱਤੀ ਭਰ ਵੀ ਕੋਈ ਸਬੰਧ ਨਹੀਂ ਹੈ। ਸ੍ਰੀ ਚੰਨੀ ਨੇ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸ਼ਿਸ਼ਟਾਚਾਰ ਵਜੋਂ ਮਿਲੇ ਸਨ। ਸ੍ਰੀ ਚੰਨੀ ਨੇ ਕਿਹਾ ਕਿ ਉਨ੍ਹਾਂ ਨੇ ਅਮਿਤ ਸ਼ਾਹ ਕੋਲ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਤੇ ਖੇਤੀ ਕਾਨੂੰਨ ਰੱਦ ਕਰਨ ਦਾ ਮਸਲਾ ਵੀ ਉਠਾਇਆ ਸੀ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਵੀ ਕੁਝ ਦਿਨ ਪਹਿਲਾਂ ਅਮਿਤ ਸ਼ਾਹ ਨੂੰ ਮਿਲਣ ਗਏ ਸਨ ਪਰ ਉਨ੍ਹਾਂ ਇਸ 'ਤੇ ਕੋਈ ਇਤਰਾਜ਼ ਨਹੀਂ ਕੀਤਾ ਸੀ। ਸ੍ਰੀ ਚੰਨੀ ਨੇ ਇਹ ਵੀ ਸਪੱਸ਼ਟ ਕੀਤਾ, 'ਕੋਈ ਵੀ ਨੇਤਾ ਮੇਰੀ ਪੰਜਾਬ ਪ੍ਰਤੀ ਸੰਜੀਦਗੀ ਅਤੇ ਸਮਰਪਨ ਦੀ ਭਾਵਨਾ ਉੱਤੇ ਉਂਗਲ ਨਹੀਂ ਚੁੱਕ ਸਕਦਾ ਕਿਉਂਕਿ ਮੈਂ ਪੰਜਾਬ ਦੀ ਮਿੱਟੀ ਨੂੰ ਪ੍ਰਣਾਇਆ ਹੋਇਆ ਹਾਂ।'



# ਗੈਂਗਸਟਰਾਂ, ਨਸ਼ਾ ਸਮੱਗਲਰਾਂ ਤੇ ਅਤਿਵਾਦੀਆਂ ਦੇ ਨੈਕਸਿਸ ਨੂੰ ਤੋੜਿਆ ਜਾਵੇਗਾ - ਰੰਧਾਵਾ



ਜਲੰਧਰ- ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਜਿਨ੍ਹਾਂ ਦੇ ਕੋਲ ਗ੍ਰਹਿ ਵਿਭਾਗ ਵੀ ਹੈ, ਨੇ ਕਿਹਾ ਹੈ ਕਿ ਗੈਂਗਸਟਰਾਂ, ਨਸ਼ਾ ਸਮੱਗਲਰਾਂ ਅਤੇ ਅਤਿਵਾਦੀਆਂ ਦੇ ਨੈਕਸਿਸ (ਗਠਜੋੜ) ਨੂੰ ਤੋੜਿਆ ਜਾਵੇਗਾ ਅਤੇ ਇਸ ਨੈਕਸਿਸ ਨੂੰ ਤੋੜਣ ਲਈ ਪੰਜਾਬ ਪੁਲੀਸ ਕੰਮ ’ਚ ਜੁੱਟ ਗਈ ਹੈ। ਰੰਧਾਵਾ ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਸਾਹਮਣੇ ਪੰਜਾਬ ਦੀ ਅਮਨ ਅਤੇ ਸ਼ਾਂਤੀ ਲਈ ਅਰਦਾਸ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਰੰਧਾਵਾ ਨੇ ਕਿਹਾ ਕਿ ਪੰਜਾਬ ਨੂੰ ਡਰੱਗਜ਼ ਦੇ ਮਾਮਲੇ ’ਚ ਬਿਨਾਂ ਵਜ੍ਹਾ ਹੀ ਬਦਨਾਮ ਕੀਤਾ ਜਾ ਰਿਹਾ ਹੈ ਜਦੋਂ ਕਿ ਅਸਲੀਅਤ ਇਹ ਹੈ ਕਿ ਦੇਸ਼ ਦੀਆਂ ਕਈ ਬੰਦਰਗਾਹਾਂ ਤੋਂ ਨਸ਼ੇ ਵਾਲੇ ਪਦਾਰਥ ਪੰਜਾਬ ’ਚ ਆ ਰਹੇ ਹਨ। ਦੇਸ਼ ਦੀਆਂ ਇਨ੍ਹਾਂ ਬੰਦਰਗਾਹਾਂ ’ਤੇ ਸੁਰੱਖਿਆ ਏਜੰਸੀਆਂ ਨੂੰ ਕਾਰਵਾਈ ਕਰਨ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ’ਚ ਬੀ. ਐੱਸ. ਐੱਫ਼. ਅਤੇ ਪੰਜਾਬ ਪੁਲੀਸ ਨੇ ਪਹਿਲਾਂ ਵੀ ਮਿਲ ਕੇ ਨਸ਼ੇ ਵਾਲੇ ਪਦਾਰਥਾਂ ਦੀ ਸਮੱਗਲਿੰਗ ਨੂੰ ਰੋਕਣ ’ਚ ਆਪਣਾ ਯੋਗਦਾਨ ਪਾਇਆ ਹੈ ਅਤੇ ਦੋਹਾਂ ਏਜੰਸੀਆਂ ਆਪਸੀ ਤਾਲਮੇਲ ਨਾਲ ਕੰਮ ਕਰ ਰਹੀਆਂ ਸਨ, ਅਜਿਹੀ ਹਾਲਤ ’ਚ ਬੀ. ਐੱਸ. ਐੱਫ਼. ਦਾ ਅਧਿਕਾਰ ਖੇਤਰ ਵਧਾ ਕੇ 50 ਕਿਲੋਮੀਟਰ ਕਰਨ ਦੀ ਕੋਈ ਜ਼ਰੂਰਤ ਨਹੀਂ ਸੀ। ਭਾਰਤ ਸਰਕਾਰ ਨੇ ਅਜਿਹਾ ਕਰ ਕੇ ਸੰਘੀ ਢਾਂਚੇ ਦੀ ਵਿਵਸਥਾ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ।

ਰੰਧਾਵਾ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਦੇਸ਼ ਦੀਆਂ ਹੋਰ ਬੰਦਰਗਾਹਾਂ ’ਤੇ ਪਹੁੰਚ ਰਹੇ ਨਸ਼ੇ ਵਾਲੇ ਪਦਾਰਥਾਂ ਨੂੰ ਫ਼ੜਣ ਲਈ ਕਾਰਵਾਈ ਕਰਨੀ ਚਾਹੀਦੀ ਹੈ, ਕਿਉਂਕਿ ਇਹ ਨਸ਼ੇ ਵਾਲੇ ਪਦਾਰਥ ਬੰਦਰਗਾਹਾਂ ਤੋਂ ਪੰਜਾਬ ’ਚ ਭੇਜੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਪੁਲੀਸ ਆਪਣੇ ਵਲੋਂ ਨਸ਼ਾ ਸਮੱਗਲਰਾਂ ਅਤੇ ਅਤਿਵਾਦੀਆਂ ਅਤੇ ਗੈਂਗਸਟਰਾਂ ਦੇ ਗਠਜੋੜ ਨੂੰ ਤੋੜਨ ਲਈ ਜਾਂਚ ’ਚ ਲੱਗੀ ਹੋਈ ਹੈ ਅਤੇ ਉਸ ਨੂੰ ਛੇਤੀ ਹੀ ਵੱਡੀ ਸਫ਼ਲਤਾ ਵੀ ਮਿਲੇਗੀ। ਰੰਧਾਵਾ ਨੇ ਕਿਹਾ ਕਿ ਉਹ ਭਾਰਤ ਸਰਕਾਰ ਤੋਂ ਮੰਗ ਕਰਦੇ ਹਨ ਕਿ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਨੂੰ ਸ਼ਰਧਾਲੂਆਂ ਲਈ ਤੁਰੰਤ ਖੋਲ੍ਹ ਦਿੱਤਾ ਜਾਣਾ ਚਾਹੀਦਾ ਹੈ, ਕਿਉਂਕਿ ਹੁਣ ਕੋਵਿਡ ’ਤੇ ਵੀ ਕਾਫ਼ੀ ਹੱਦ ਤੱਕ ਲਗਾਮ ਲੱਗ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਸ਼ਰਧਾਲੂ ਸ੍ਰੀ ਕਰਤਾਰਪੁਰ ਸਾਹਿਬ ਦੇ ਗੁਰਦੁਆਰਾ ਸਾਹਿਬਾਂ ਦੇ ਦਰਸ਼ਨਾਂ ਲਈ ਜਾਣ ਦੇ ਇੱਛੁਕ ਹਨ ਅਤੇ ਉਨ੍ਹਾਂ ਦੀ ਇਸ ਮੰਗ ਨੂੰ ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਦੇ ਸਾਹਮਣੇ ਵੀ ਰੱਖਿਆ ਜਾਵੇਗਾ।

# ਨਵਜੋਤ ਸਿੱਧੂ ਨੇ ਚੰਨੀ ਸਰਕਾਰ ’ਤੇ ਮੁੜ ਸੇਧਿਆ ਨਿਸ਼ਾਨਾ



ਚੰਡੀਗੜ੍ਹ-ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਸੂਬੇ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਰਮਿਆਨ ਚੱਲ ਰਹੀ ਠੰਢੀ ਜੰਗ ਖ਼ਤਮ ਨਹੀਂ ਹੋ ਰਹੀ। ਸੂਬੇ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਸੇ ਦਾ ਨਾਂ ਲਏ ਬਿਨਾਂ ਆਪਣੇ ਪੁਰਾਣੇ ਸਟੈਂਡ ਦੀ ਪ੍ਰੋੜਤਾ ਕਰਦਿਆਂ ਸਰਕਾਰ ’ਤੇ ਨਿਸ਼ਾਨਾ ਸੇਧਿਆ ਹੈ। ਟਵਿੱਟਰ ’ਤੇ ਆਪਣੀ ਲੜਾਈ ਜਾਰੀ ਰੱਖਦਿਆਂ ਨਵਜੋਤ ਸਿੰਘ ਸਿੱਧੂ ਨੇ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸਰਕਾਰ ’ਤੇ ਨਿਸ਼ਾਨੇ ਸੇਧਦਿਆਂ ਇਹ ਗੱਲ ਦੁਹਰਾਈ ਹੈ ਕਿ ਉਹ (ਸਿੱਧੂ) ਪੰਜਾਬ ਦੇ ਅਸਲ ਮੁੱਦਿਆਂ ’ਤੇ ਖੜ੍ਹੇ ਰਹਿਣਗੇ ਅਤੇ ਇਨ੍ਹਾਂ ਮੁੱਦਿਆਂ ਨੂੰ ਪਿਛਾਂਹ ਨਹੀਂ ਧੱਕਣ ਦੇਣਗੇ।

ਸ੍ਰੀ ਸਿੱਧੂ ਨੇ ਉਪਰੋਥਲੀ ਤਿੰਨ ਟਵੀਟ ਕਰ ਕੇ ਸਰਕਾਰ ਨੂੰ ਸਖਤ ਸੁਨੇਹਾ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਸੂਬੇ ਦੇ ਵਿੱਤੀ ਹਾਲਾਤ ਦੀ ਗੱਲ ਕਰਦਿਆਂ ਕਿਹਾ, ‘ਸੂਬੇ ਦੇ ਸਰੋਤ ਸੂਬੇ ਦੇ ਖ਼ਜ਼ਾਨੇ ਵਿੱਚ ਕੌਣ ਵਾਪਸ ਲਿਆਵੇਗਾ ਤਾਂ ਜੋ ਇਹ ਨਿੱਜੀ ਜੇਬਾਂ ਵਿੱਚ ਨਾ ਚਲੇ ਜਾਣ।’ ਸ੍ਰੀ ਸਿੱਧੂ ਨੇ ਇੱਕ ਟਵੀਟ ਵਿੱਚ ਕਿਹਾ, “ਪੰਜਾਬ ਨੂੰ ਆਪਣੇ ਉਨ੍ਹਾਂ ਅਸਲ ਮੁੱਦਿਆਂ ’ਤੇ ਵਾਪਸ ਆਉਣਾ ਪਵੇਗਾ ਜਿਹੜੇ ਹਰ ਪੰਜਾਬੀ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੁੜੇ ਹੋਏ ਹਨ। ਅਸੀਂ ਵਿੱਤੀ ਐਮਰਜੈਂਸੀ ਦਾ ਸਾਹਮਣਾ ਕਿਵੇਂ ਕਰਾਂਗੇ ਜਿਹੜੀ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੀ ਹੈ ? ਮੈਂ ਅਸਲ ਮੁੱਦਿਆਂ ’ਤੇ ਖੜ੍ਹਾ ਰਹਾਂਗਾ ਅਤੇ ਉਨ੍ਹਾਂ ਨੂੰ ਪਿੱਛੇ ਨਹੀਂ ਪੈਣ ਦੇਵਾਂਗਾ।” ਇੱਕ ਹੋਰ ਟਵੀਟ ਵਿੱਚ ਉਨ੍ਹਾਂ ਆਖ਼ਿਆ, “ਸਾਨੂੰ ਚੋਣ ਕਰਨੀ ਹੋਵੇਗੀ ਕਿ ਅਸੀਂ ਕੋਈ ਵੱਡਾ ਨੁਕਸਾਨ ਕਰ ਜਾਈਏ ਜਾਂ ਫ਼ਿਰ ਨੁਕਸਾਨ ਕੰਟਰੋਲ ਕਰਨ ਦੇ ਆਖ਼ਰੀ ਮੌਕੇ ਨੂੰ ਸਾਂਭ ਲਈਏ। ਪੰਜਾਬ ਦੇ ਸਰੋਤਾਂ ਨੂੰ ਪੰਜਾਬ ਦੇ ਖ਼ਜ਼ਾਨੇ ਵਿੱਚ ਲਿਆਉਣ ਲਈ ਕੌਣ ਅੱਗੇ ਆਵੇਗਾ ਤਾਂ ਜੋ ਇਹ ਨਿੱਜੀ ਜੇਬਾਂ ਵਿੱਚ ਨਾ ਜਾ ਸਮਾਉਣ। ਸੂਬੇ ਨੂੰ ਮੁੜ ਪੈਰਾਂ ਸਿਰ ਕਰਨ ਅਤੇ ਖੁਸ਼ਹਾਲੀ ਵੱਲ ਲਿਜਾਣ ਦੀ ਪਹਿਲਕਦਮੀ ਦੀ ਅਗਵਾਈ ਕੌਣ ਕਰੇਗਾ।”ਨਵਜੋਤ ਸਿੰਘ ਸਿੱਧੂ ਨੇ ਕਿਹਾ, “ਧੁੰਦਲਕਾ ਹੱਟ ਜਾਣ ਦੇਈਏ, ਹਕੀਕਤ ਨੂੰ ਪੰਜਾਬ ਦੀ ਪੁਨਰ ਸੁਰਜੀਤੀ ਦੇ ਖਾਕੇ ’ਤੇ ਸੂਰਜ ਵਾਂਗ ਚਮਕਣ ਦਈਏ। ਉਨ੍ਹਾਂ ਨੂੰ ਪਿੱਛੇ ਹਟਾਈਏ ਜਿਹੜੇ ਨਿੱਜੀ ਸਵਾਰਥਾਂ ਦੀ ਰਾਖ਼ੀ ਕਰਦੇ ਹਨ। ਸਿਰਫ਼ ਉਸ ਰਾਹ ’ਤੇ ਧਿਆਨ ਕੇਂਦਰਿਤ ਕਰੀਏ ਜਿਹੜਾ ਸਾਨੂੰ ਉਸ ਪਾਸੇ ਲਿਜਾਏਗਾ ਜਿੱਥੇ ਜਿੱਤੇਗਾ ਪੰਜਾਬ, ਜਿੱਤੇਗੀ ਪੰਜਾਬੀਅਤ ਅਤੇ ਜਿੱਤੇਗਾ ਹਰ ਪੰਜਾਬੀ।” ਪਾਰਟੀ ਆਗੂਆਂ ਦਾ ਦੱਸਣਾ ਹੈ ਕਿ ਸ੍ਰੀ ਚੰਨੀ ਅਤੇ ਸ੍ਰੀ ਸਿੱਧੂ ਵਿੱਚਾਲੇ ਕਈ ਮੀਟਿੰਗਾਂ ਹੋਈਆਂ, ਜਿਨ੍ਹਾਂ ਵਿੱਚੋਂ ਕੁਝ ਵਿੱਚ ਹਾਈ ਕਮਾਨ ਦੇ ਪ੍ਰਤੀਨਿਧਾਂ ਸਣੇ ਕੁਝ ਹੋਰ ਆਗੂ ਵਿੱਚੋਲਗੀ ਕਰ ਚੁੱਕੇ ਹਨ। ਤਾਜ਼ਾ ਘਟਨਾਕ੍ਰਮ ਤੋਂ ਅਜਿਹਾ ਲੱਗਦਾ ਹੈ ਕਿ ਹੁਣ ਤਕ ਦੀਆਂ ਕੋਸ਼ਿਸ਼ਾਂ ਦੋਵਾਂ ਆਗੂਆਂ ਵਿਚਾਲੇ ਮਤਭੇਦ ਖਤਮ ਕਰਨ ’ਚ ਨਾਕਾਮ ਰਹੀਆਂ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੱਖੀਆਂ ਤੇ ਉਨ੍ਹਾਂ ਦੇ ਵਿਰੋਧੀਆਂ ਦਰਮਿਆਨ ਚੱਲ ਰਹੀ ਸ਼ਬਦੀ ਜੰਗ ਅੱਜ ਸ਼ਾਂਤ ਰਹੀ।

# ਭਰੀ ਮਹਿ.ਫਲ ’ਚ ਸੁਖਬੀਰ ਬਾਦਲ ਨੂੰ ਸੁਣਾਈਆਂ ਖਰੀਆਂ-ਖਰੀਆਂ, ਉਤੋਂ ਲੋਕਾਂ ਨੇ ਰੱਜ ਕੇ ਮਾਰੀਆਂ ਤਾੜੀਆਂ

ਚੰਡੀਗੜ੍ਹ- ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਭਰ ਦੇ ਦੌਰੇ ’ਤੇ ਨਿਕਲੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਹੀ ਵਰਕਰ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦੀ ਸ਼ੋਸ਼ਲ ਮੀਡੀਆ ’ਤੇ ਇੱਕ ਵੀਡੀਓ ਖ਼ੂਬ ਵਾਇਰਲ ਹੋ ਰਹੀ ਹੈ। ਜਿਸ ਵਿੱਚ ਅਕਾਲੀ ਦਲ ਵਲੋਂ ਰੱਖੀ ਗਈ ਸਭਾ ਵਿੱਚ ਇੱਕ ਸ਼ਖ਼ਸ ਸੁਖਬੀਰ ਬਾਦਲ ਤੋਂ ਮਾਈਕ ਵਿੱਚ ਇਹ ਤਕ ਪੁੱਛ ਲੈਂਦਾ ਹੈ ਕਿ ਜਦੋਂ ਅਕਾਲੀ ਦਲ ਦੀ ਸਰਕਾਰ ਸੀ ਤਾਂ ਉਦੋਂ ਵੀ ਅਰੂਸਾ ਆਲਮ ਇਥੇ ਆਉਂਦੀ ਰਹੀ ਪਰ ਅਕਾਲੀ ਦਲ ਨੇ ਕੁੱਝ ਨਹੀਂ ਕੀਤਾ। ਸੁਖਬੀਰ ਨੂੰ ਸਵਾਲ ਕਰਨ ਵਾਲੇ ਸ਼ਖ਼ਸ ਨੇ ਇਹ ਤਕ ਆਖ ਦਿੱਤਾ ਕਿ ਤੁਹਾਨੂੰ ਕਿਸ ਨੇ ਇਜਾਜ਼ਤ ਦੇ ਦਿੱਤੀ ਕਿ ਜੇਕਰ ਇੱਕ ਘਰ ਵਿੱਚ ਚਾਰ ਟੀ. ਵੀ. ਹਨ ਤਾਂ ਚਾਰਾਂ ਦੇ ਵੱਖੋ-ਵੱਖਰੇ ਪੈਸੇ ਲੱਗਣਗੇ। ਸੁਖਬੀਰ ਬਾਦਲ ਕੋਲੋਂ ਸਵਾਲ ਪੁੱਛਣ ਦੀ ਇਹ ਵੀਡੀਓ ਸ਼ੋਸ਼ਲ ਮੀਡੀਆ ’ਤੇ ਖ਼ੂਬ ਵਾਇਰਲ ਹੋ ਰਹੀ ਹੈ। ਇਸ ਵੀਡੀਓ ਵਿੱਚ ਜਿਵੇਂ ਜਿਵੇਂ ਉਕਤ ਵਿਅਕਤੀ ਅਕਾਲੀ ਦਲ ਦੇ ਪ੍ਰਧਾਨ ਤੋਂ ਸਵਾਲ ਪੁੱਛਦਾ ਹੈ, ਉਵੇਂ ਉਵੇਂ ਲੋਕ ਖ਼ੂਬ ਤਾੜੀਆਂ ਮਾਰਦੇ ਹਨ। ਵੀਡੀਓ ਵਿੱਚ ਉਕਤ ਵਿਅਕਤੀ ਸੁਖਬੀਰ ਬਾਦਲ ਨੂੰ ਆਖਦਾ ਹੈ ਕਿ ਉਹ ਇੱਕ ਵਾਰ ਤੁਹਾਡੇ ਪਿੰਡ ਬਾਦਲ ਗਿਆ ਸੀ ਜਿਸ ਦੀ ਸੜਕ ਬਹੁਤ ਟੁੱਟੀ ਹੋਈ ਸੀ, ਉਸ ਸਮੇਂ ਰਾਜ ਵੀ ਅਕਾਲੀ ਦਲ ਦਾ ਸੀ। ਉਸ ਸਮੇਂ ਬਾਦਲ ਸਾਬ੍ਹ ਹੈਲੀਕੌਪਟਰ ਰਾਹੀਂ ਪਹੁੰਚੇ ਸਨ ਪਰ ਉਨ੍ਹਾਂ ਨੂੰ ਮਿਲਣ ਦੀ ਇਜਾਜਤ ਨਹੀਂ ਦਿੱਤੀ ਗਈ। ਸਵਾਲ ਪੁੱਛਣ ਵਾਲਾ ਵਿਅਕਤੀ ਕਹਿੰਦਾ ਹੈ ਕਿ ਸੁਖਬੀਰ ਬਾਦਲ ਸਾਬ੍ਹ ਵਾਅਦਾ ਉਹ ਹੀ ਕਰਨਾ ਜਿਹੜਾ ਤੁਸੀਂ ਪੂਰਾ ਕਰ ਸਕੋ। ਅੱਜ ਦੇ ਨੌਜਵਾਨ ਪੜ੍ਹੇ -ਲਿਖੇ ਹਨ ਅਤੇ ਸਭ ਜਾਣਦੇ ਹਨ।

# ਪੰਜਾਬੀ ਭਾਸ਼ਾ ਨੂੰ ਮੁੱਖ ਭਾਸ਼ਾਵਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇ- ਬੀਬੀ ਜਗੀਰ ਕੌਰ

ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਨੇ ਮੰਗ ਕੀਤੀ ਹੈ ਕਿ ਸੀ.ਬੀ.ਐੱਸ.ਈ. ਵਲੋਂ ਪੰਜਾਬੀ ਭਾਸ਼ਾ ਨੂੰ ਮੁੱਖ ਭਾਸ਼ਾ ਦਾ ਦਰਜਾ ਦਿੱਤਾ ਜਾਵੇ ਅਤੇ ਇਸ ਨੂੰ ਮੁੱਖ ਵਿਸ਼ਿਆਂ ਵਿੱਚੋਂ ਬਾਹਰ ਨਾ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕਰਨਾ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬੀ ਅਲਪ ਵਿਸ਼ਾ ਨਹੀਂ ਹੈ, ਸਗੋਂ ਇਹ ਵਿਸ਼ਵ ਭਰ ਵਿੱਚ ਪੜ੍ਹੀ ਤੇ ਬੋਲੀ ਜਾਣ ਵਾਲੀ ਭਾਸ਼ਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮੁਖੀ ਵਿੱਚ ਹੈ ਅਤੇ ਜੇਕਰ ਬੱਚਿਆਂ ਨੂੰ ਪੰਜਾਬੀ ਭਾਸ਼ਾ ਨੂੰ ਪੜ੍ਹਨ-ਲਿਖਣ ਦਾ ਗਿਆਨ ਨਹੀਂ ਹੋਵੇਗਾ ਤਾਂ ਉਹ ਆਪਣੇ ਧਰਮ ਨਾਲ ਕਿਵੇਂ ਜੁੜ ਸਕਣਗੇ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਭਾਸ਼ਾਵਾਂ ਸਬੰਧੀ ਅਜਿਹੇ ਵਿਤਕਰੇ ਨੂੰ ਛੱਡ ਕੇ ਪੰਜਾਬੀ ਭਾਸ਼ਾ ਨੂੰ



ਮੁੱਖ ਵਿਸ਼ਿਆਂ ਵਿੱਚ ਮੁੜ ਸ਼ਾਮਲ ਕੀਤਾ ਜਾਵੇ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਨੂੰ 100 ਸਾਲ ਪੂਰੇ ਹੋ ਚੁੱਕੇ ਹਨ। ਇਹ ਪੂਰਾ ਸਾਲ ਸ਼੍ਰੋਮਣੀ ਕਮੇਟੀ ਦੇ ਸਥਾਪਨਾ ਵਰ੍ਹੇ ਨੂੰ ਸਮਰਪਿਤ ਸੀ, ਜਿਸ ਤਹਿਤ ਵੱਖ-ਵੱਖ ਗੁਰਮਤਿ ਸਮਾਗਮ ਕਰਵਾਏ ਗਏ। ਇਸੇ ਲੜੀ ਤਹਿਤ ਗੁਰਦੁਆਰਾ ਸੁਧਾਰ ਲਹਿਰ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸਿੱਖ ਮਿਸ਼ਨਰੀ ਕਾਲਜਾਂ ਦਾ ਗੁਰਮਤਿ ਸਮਾਗਮ ਭਲਕੇ 26 ਅਕਤੂਬਰ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਹੋਇਆ। ਇਸੇ ਦੌਰਾਨ ਸ਼੍ਰੋਮਣੀ ਕੋਮੇਟੀ ਨੇ ਕਰੋਨਾ ਮਹਾਮਾਰੀ ਦੌਰਾਨ ਸੇਵਾਵਾਂ ਨਿਭਾਉਣ ਵਾਲੇ ਗੁਰੂ ਰਾਮਦਾਸ ਹਸਪਤਾਲ ਦੇ ਮੁਲਾਜ਼ਮਾਂ ਨੂੰ ਇੱਕ ਵਿਸ਼ੇਸ਼ ਤਰੱਕੀ ਦੇਣ ਦਾ ਫ਼ੈਸਲਾ ਲਿਆ ਹੈ, ਜਿਸ ਤਹਿਤ ਹਸਪਤਾਲ ਪ੍ਰਸ਼ਾਸ਼ਨ ਕੋਲੋਂ ਮੁਲਾਜ਼ਮਾਂ ਦੀਆਂ ਸੂਚੀਆਂ ਮੰਗੀਆਂ ਗਈਆਂ ਹਨ।

# ਸ਼੍ਰੋਮਣੀ ਕਮੇਟੀ ਨੇ ਪੰਜਾਬ ’ਚ ਚੱਲ ਰਹੀ ‘ਧਰਮ ਪਰਿਵਰਤਨ ਲਹਿਰ’ ਨੂੰ ਦਿੱਤੀ ਚੁਣੌਤੀ

ਅੰਮਿਜ਼ਸਰ - ਪੰਜਾਬ ਵਿੱਚ ਚੱਲ ਰਹੀ ‘ਧਰਮ ਪਰਿਵਰਤਨ ਦੀ ਚੁਣੌਤੀ‘ ਦਾ ਸਾਹਮਣਾ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਕਮਰਕਸੇ ਕਰ ਲਏ ਹਨ। ਪਿਛਲੇ 10 ਮਹੀਨਿਆਂ ਵਿੱਚ ਸ਼੍ਰੋਮਣੀ ਕਮੇਟੀ ਨੇ ਤਕਰੀਬਨ 50 ਹਜ਼ਾਰ ਪ੍ਰਾਣੀਆਂ ਨੂੰ ਅੰਮ੍ਰਿਤ



ਛਕਾ ਕੇ, ਲਾਲਚ ਦੇ ਕੇ ਧਰਮ ਪਰਿਵਰਤਨ ਕਰਵਾਉਣ ਵਾਲਿਆਂ ਨੂੰ ਚੁਣੌਤੀ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਗੱਲਬਾਤ ਕਰਦਿਆਂ ਦਸਿਆ ਕਿ ਇਸ ਸਾਲ ਅਕਤੂਬਰ ਤਕ ਤਕਰੀਬਨ 50 ਹਜ਼ਾਰ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਹੈ। ਉਨ੍ਹਾਂ ਕਿਹਾ ਕਿ ‘ਧਰਮ ਪਰਿਵਰਤਨ ਦੀ ਲਹਿਰ’ ਨੂੰ ਠੱਲ੍ਹ ਪਾਉਣ ਲਈ ਕੁਝ ਕਦਮ ਚੁੱਕਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਕੋਰੋਨਾ ਕਾਲ ਦੌਰਾਨ ਵੱਖ- ਵੱਖ ਜਗ੍ਹਾ ’ਤੇ ਸਿਹਤ ਸਹੂਲਤਾਂ ਦੇਣ ਲਈ ਕੈਂਪ ਲਾਏ ਸਨ। ਗੁਰੂ ਨਾਨਕ ਸਾਹਿਬ ਦਾ ਚਲਾਇਆ ਨਿਰਮਲ ਪੰਥ ਹਰ ਮਨੁੱਖ ਦੀ ਸੇਵਾ ਵਿੱਚ ਲੀਨ ਹੈ ਤੇ ਅਸੀਂ ਮਹਿਸੂਸ ਕੀਤਾ ਕਿ ਲੋਕਾਂ ਨੂੰ ਕੋਰੋਨਾ ਕਾਲ ਵਿੱਚ ਆਕਸੀਜਨ ਦੀ ਜ਼ਰੂਰਤ ਹੈ, ਉਸ ਦੇ ਪ੍ਰਬੰਧ ਕੀਤੇ। ਉਨ੍ਹਾਂ ਕਿਹਾ ਕਿ ਸਿੱਖ ਪਰਿਵਾਰਾਂ ਨੂੰ ਗੁਰਬਾਣੀ, ਇਤਿਹਾਸ ਤੇ ਸਿੱਖ ਰਵਾਇਤਾਂ ਨਾਲ ਜੋੜਨ ਲਈ ਪਹਿਲ ਕੀਤੀ ਹੈ। ਘਰਿ- ਘਰਿ ਅੰਦਰ ਧਰਮਸ਼ਾਲ ਲਹਿਰ ਨੇ ਬਹੁਤ ਵਧੀਆਂ ਨਤੀਜੇ ਦਿੱਤੇ ਹਨ। ਬੀਬੀ ਨੇ ਦਸਿਆ ਕਿ ਅਸੀਂ ਆਉਣ ਵਾਲੇ ਇਤਿਹਾਸਕ ਦਿਹਾੜਿਆਂ ਵਿੱਚ ਕੁਝ ਸਮਾਗਮ ਕਰਵਾ ਰਹੇ ਹਾਂ ਤੇ ਅੰਮ੍ਰਿਤ ਸੰਚਾਰ ਦਾ ਇੰਤਜ਼ਾਮ ਕੀਤਾ ਜਾਵੇਗਾ।

# ਪੰਥ ’ਚੋਂ ਛੇਕੇ ਸੁੱਚਾ ਸਿੰਘ ਲੰਗਾਹ ਦੀ ਮੁਆਫ਼ੀ ਲਈ ਸਾਥੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਕੀਤੀ ਫ਼ਰਿਆਦ

ਅੰਮ੍ਰਿਤਸਰ - ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਨੇੜਲੇ ਸਾਥੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਫ਼ਿਰ ਮੁਆਫ਼ ਲਈ ਫ਼ਰਿਆਦ ਕੀਤੀ ਹੈ। ਅਕਾਲ ਤਖ਼ਤ ਪੁੱਜੇ ਲੰਗਾਹ ਦੇ ਸਾਥੀ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪਿਛਲੇ 190 ਦਿਨ ਤੋਂ ਲਗਾਤਾਰ ਤਖ਼ਤ ਸਾਹਿਬ ਦੇ ਸਨਮੁੱਖ ਗ਼ਲਤੀ ਦੀ ਮੁਆਫ਼ ਲਈ ਫ਼ਰਿਆਦ ਲਾ ਰਹੇ ਹਾਂ। ਇਸ ਸਮੇਂ ਵਿੱਚ ਨਿਤਨੇਮ ਤੋਂ ਇਲਾਵਾ ਲੰਗਾਹ ਹਰ ਰੋਜ਼ ਅਕਾਲ ਤਖ਼ਤ ’ਤੇ ਪੁੱਜ ਕੇ ਪਾਠ ਕਰ ਰਹੇ ਹਨ ਤੇ ਆਪਣੀ ਭੁੱਲ ਲਈ ਸੰਗਤ ਤੋਂ ਮੁਆਫ਼ ਦੀ ਅਰਦਾਸ ਕਰ ਰਹੇ ਹਨ। ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਅਕਾਲ ਪੁਰਖ ਦੀ ਅਦਾਲਤ ਵਿੱਚ ਫ਼ਰਿਆਦ ਲਗਾ ਰਹੇ ਹਾਂ, ਇਸ ਦਰ ਤੋਂ ਕਦੇ ਵੀ ਕੋਈ ਖਾਲੀ ਨਹੀਂ ਗਿਆ। ਲੰਗਾਹ ਦੀ ਭੁੱਲ ਦੀ ਮੁਆਫ਼ ਦੀ ਫ਼ਰਿਆਦ ਵੀ ਹੁਣ ਤਕ ਦਾ ਇਤਿਹਾਸ ਬਣ ਗਈ ਹੈ। ਸਿਰਫ਼ ਇਹ ਇੱਕੋ-ਇੱਕ ਮਾਮਲਾ ਹੈ ਜਿਸ ਨੂੰ ਲਮਾਂ ਸਮਾਂ ਤਕ ਲਟਕਾਇਆ ਗਿਆ ਹੈ। ਇੱਥੇ ਇਹ ਵੀ ਇਤਿਹਾਸ ਹੈ ਕਿ ਦੋਸ਼ੀ ਦੇ ਨਾ ਆਉਣ ’ਤੇ ਵੀ ਉਸ ਨੂੰ ਮਾਫ਼ ਕੀਤਾ ਗਿਆ ਸੀ। ਜਥੇਦਾਰ ਅਵਤਾਰ ਸਿੰਘ ਨੇ ਕਿਹਾ, “ਲੰਗਾਹ ਨੂੰ ਬਣਦੀ ਸਜ਼ਾ ਦੇ ਕੇ ਪੰਥ ਵਿੱਚ ਸ਼ਾਮਲ ਕੀਤਾ ਜਾਵੇ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੂੰ ਮਿਲ ਕੇ



ਬੇਨਤੀ ਕੀਤੀ ਹੈ ਕਿ ਦੀਵਾਲੀ ਮੌਕੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਲੰਗਾਹ ਮਾਮਲੇ ’ਤੇ ਹਮਦਰਦੀ ਨਾਲ ਵਿੱਚਾਰ ਕੀਤੀ ਜਾਵੇ”। ਇਸ ਮੌਕੇ ਸਤਨਾਮ ਸਿੰਘ, ਦਵਿੰਦਰ ਸਿੰਘ, ਸਰਪੰਚ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

## ਕੈਪਟਨ ਦਾ ਵਿਰੋਧੀਆਂ ਨੂੰ ਕਰਾਰਾ ਜਵਾਬ

# ਅਰੂਸਾ ਆਲਮ ਦੀਆਂ ਤਸਵੀਰਾਂ ਸਾਂਝੀਆਂ ਕਰ ਕਹੀਆਂ ਵੱਡੀਆਂ ਗੱਲਾਂ




With Shiv Shankar Menon, Indian High Commissioner to Pakistan, as SAFMA President.



Interviewing Governor of Punjab General Rodrigues who was also Former Chief of the Indian Army at Chandigarh.

ਜਲੰਧਰ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਕਿਸਤਾਨੀ ਦੋਸਤ ਅਰੂਸਾ ਆਲਮ ਨੂੰ ਲੈ ਕੇ ਪੰਜਾਬ 'ਚ ਸਿਆਸਤ ਗਰਮਾਉਂਦੀ ਜਾ ਰਹੀ ਹੈ। ਇੱਕ ਪਾਸੇ ਜਿੱਥੇ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਅਰੂਸਾ ਆਲਮ ਦੇ ਆਈ. ਐੱਸ. ਆਈ. ਨਾਲ ਸਬੰਧਾਂ ਨੂੰ ਲੈ ਕੇ ਡੂੰਘਾਈ ਨਾਲ ਜਾਂਚ ਕਰਨ ਦੀ ਗੱਲ ਕਹੀ ਗਈ ਹੈ, ਉੱਥੇ ਹੀ ਵਿਰੋਧੀਆਂ ਵਲੋਂ ਕੈਪਟਨ ਅਮਰਿੰਦਰ ਸਿੰਘ 'ਤੇ ਵੱਖ-ਵੱਖ ਤੰਜ ਕੱਸੇ ਜਾ ਰਹੇ ਹਨ।

ਵਿਰੋਧੀਆਂ ਨੂੰ ਕਰਾਰਾ ਜਵਾਬ ਦਿੰਦੇ ਹੋਏ ਇੱਕ ਵਾਰ ਫ਼ਿਰ ਤੋਂ ਕੈਪਟਨ ਅਮਰਿੰਦਰ ਸਿੰਘ ਨੇ ਸ਼ੋਸ਼ਲ ਮੀਡੀਆ 'ਤੇ ਅਰੂਸਾ ਆਲਮ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਸ ਦੇ ਨਾਲ ਹੀ ਵਿਰੋਧੀਆਂ ਨੂੰ ਜਵਾਬ ਦਿੰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜੇਕਰ ਵੀਜ਼ਾ ਬੈਨ ਨਾ ਹੁੰਦਾ ਤਾਂ ਹੁਣ ਵੀ ਅਰੂਸਾ ਆਲਮ ਨੂੰ ਭਾਰਤ ਬੁਲਾਉਣਾ ਸੀ। ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ 'ਚ ਅਰੂਸਾ ਆਲਮ ਵੱਖ-ਵੱਖ ਸ਼ਖ਼ਸੀਅਤਾਂ ਨਾਲ ਨਜ਼ਰ ਆ ਰਹੀ ਹੈ।

ਫ਼ੇਸਬੁੱਕ 'ਤੇ ਤਸਵੀਰਾਂ ਸਾਂਝੀਆਂ ਕਰਦੇ ਹੋਏ ਕੈਪਟਨ ਨੇ ਲਿਖਿਆ, "ਮੈਂ ਸ਼੍ਰੀਮਤੀ ਅਰੂਸਾ ਆਲਮ ਦੀਆਂ ਵੱਖ-ਵੱਖ ਪਤਵੰਤੇ ਸੱਜਣਾਂ ਨਾਲ ਤਸਵੀਰਾਂ ਦੀ ਲੜੀ ਸਾਂਝੀ ਕਰ ਰਿਹਾ ਹਾਂ। ਮੈਨੂੰ ਲੱਗਦਾ ਹੈ ਕਿ ਉਹ ਸਾਰੇ ਵੀ ਆਈ.ਐੱਸ.ਆਈ. ਦੇ ਏਜੰਟ ਹਨ। ਅਜਿਹਾ ਕਹਿਣ ਵਾਲਿਆਂ ਨੂੰ ਬੋਲਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ। ਇਹ ਸਭ ਸਿਰਫ਼ ਤੰਗ ਮਾਨਸਿਕਤਾ ਦਾ ਪ੍ਰਗਟਾਵਾ ਹੈ।"

ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ 'ਚ ਅਰੂਸਾ ਆਲਮ ਸੋਨੀਆ ਗਾਂਧੀ, ਸੁਸ਼ਮਾ ਸਵਰਾਜ, ਮੁਲਾਇਮ ਸਿੰਘ ਯਾਦਵ, ਅਸ਼ਵਨੀ ਕੁਮਾਰ ਸ਼ਰਮਾ, ਯਸ਼ਵੰਤ ਸਿਨਹਾ, ਅਭਿਨੇਤਾ ਅਤੇ ਭਾਜਪਾ ਆਗੂ ਸ਼ਤਰੂਘਨ ਸਿਨਹਾ ਆਦਿ ਨਾਲ ਅਰੂਸਾ ਆਲਮ ਨਜ਼ਰ ਆ ਰਹੀ ਹੈ।


ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਅਰੂਸਾ ਆਲਮ ਨੂੰ ਲੈ ਕੇ ਸੁੱਖੀ ਰੰਧਾਵਾ ਵਲੋਂ ਸਵਾਲ ਚੁਕਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਵਲੋਂ ਅਰੂਸਾ ਆਲਮ ਦੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਹੱਥ ਮਿਲਾਉਂਦੇ ਅਰੂਸਾ ਆਲਮ ਦੀ ਇੱਕ ਤਸਵੀਰ ਸ਼ੇਅਰ ਕੀਤੀ ਗਈ ਸੀ। ਇਸ ਤਸਵੀਰ 'ਤੇ ਕੈਪਟਨ ਨੇ ਕੋਈ ਟਿੱਪਣੀ ਨਹੀਂ ਕੀਤੀ ਸੀ। ਸਿਰਫ਼ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਕਾਂਗਰਸ ਦੇ ਅਧਿਕਾਰਿਕ ਟਵਿੱਟਰ ਹੈਂਡਲ ਨੂੰ ਟੈਗ ਕਰਦੇ ਹੋਏ ਲਿਖਿਆ ਕਿ 'ਉਂਝ ਹੀ'।

ਇਸ ਦੇ ਇਲਾਵਾ ਕੈਪਟਨ ਨੇ ਸੁਖਜਿੰਦਰ ਸਿੰਘ ਰੰਧਾਵਾ ਕੀਤੇ ਗਏ ਟਵੀਟਾਂ ਦਾ ਵੀ ਵਿਸਥਾਰਪੂਰਵਕ ਜਵਾਬ ਦਿੱਤਾ ਸੀ। ਰੰਧਾਵਾ ਵੱਲੋਂ ਅਰੂਸਾ ਆਲਮ ਦੇ ਆਈ. ਐੱਸ. ਆਈ. ਲਿੰਕ ਦੀ ਜਾਂਚ 'ਤੇ ਕੈਪਟਨ ਦੇ ਪ੍ਰੇਸ਼ਾਨ ਹੋਣ ਨੂੰ ਲੈ ਕੇ ਕਸੇ ਗਏ ਤੰਜ਼ ਦਾ ਜਵਾਬ ਦਿੰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਲਿਖਿਆ ਕਿ ਇਨੇ ਸਾਲਾਂ ਵਿੱਚ ਕੀ ਸੁਖਜਿੰਦਰ ਰੰਧਾਵਾ ਤੂੰ ਕਦੇ ਮੈਨੂੰ ਕਿਸੇ ਮੁੱਦੇ 'ਤੇ ਪ੍ਰੇਸ਼ਾਨ ਹੁੰਦੇ ਵੇਖਿਆ ਹੈ? ਅਸਲ ਵਿੱਚ, ਤੁਹਾਡੀ ਹਰਕਤਾਂ ਤੋਂ ਸਾਫ਼ ਹੋ ਰਿਹਾ ਹੈ ਕਿ ਤੁਸੀਂ ਜ਼ਿਆਦਾ ਪ੍ਰੇਸ਼ਾਨ ਅਤੇ ਭ੍ਰਮਿਤ ਹੋ। ਤੁਸੀਂ ਅਰੂਸਾ ਆਲਮ ਖ਼ਿਲਾਫ਼ ਇਸ ਕਥਿਤ ਜਾਂਚ 'ਤੇ ਆਪਣਾ ਮਨ ਕਿਉਂ ਨਹੀਂ ਬਣਾਉਂਦੇ?



At a private lunch with Foreign Secretary Govt. of India Sham Saran.





With Actor Dilip Kumar and the Indian High Commissioner.



# ਕੈਪਟਨ ਦੀ ਬਗਾਵਤ ਅਤੇ ਮਹਾਰਾਣੀ ਦੀ ਤਿਆਰੀ ਦੌਰਾਨ ਚੰਨੀ ਸਰਕਾਰ ਨੇ ਕੀਤਾ ਪਟਿਆਲਾ 'ਤੇ ਫ਼ੋਕਸ



ਪਟਿਆਲਾ- ਕਾਂਗਰਸ ਹਾਈਕਮਾਂਡ ਵਲੋਂ ਕੈ. ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਤੋਂ ਬਾਅਦ ਉਨ੍ਹਾਂ ਵੱਲੋਂ ਕੀਤੀ ਬਗਾਵਤ ਅਤੇ ਕੈਪਟਨ ਦੀ ਧਰਮ ਪਤਨੀ ਮਹਾਰਾਣੀ ਪਰਨੀਤ ਕੌਰ ਅਤੇ ਬੇਟੀ ਬੀਬਾ ਜੈਇੰਦਰ ਕੌਰ ਵਲੋਂ ਪਟਿਆਲਾ ਵਿੱਚ ਨਵੀਂ ਪਾਰਟੀ ਲਈ ਕੀਤੀ ਜਾ ਰਹੀ ਜ਼ਬਰਦਸਤ ਤਿਆਰੀ ਦੌਰਾਨ ਪੰਜਾਬ ਸਰਕਾਰ ਨੇ ਵੀ ਪਟਿਆਲਾ 'ਤੇ ਫ਼ੋਕਸ ਕਰ ਲਿਆ ਹੈ।

ਸੂਤਰਾਂ ਅਨੁਸਾਰ ਕੈਪਟਨ ਨੂੰ ਕਮਜ਼ੋਰ ਕਰਨ ਲਈ ਉਨ੍ਹਾਂ ਦੇ ਨਜ਼ਦੀਕੀ ਚੇਅਰਮੈਨਾਂ ਅਤੇ ਪਾਰਟੀ ਦੇ ਅਹੁਦੇਦਾਰਾਂ ਦੀ ਛੁੱਟੀ ਕਰਨ ਦੀ ਤਿਆਰੀ ਸਰਕਾਰ ਨੇ ਕਰ ਲਈ ਹੈ। ਸਭ ਤੋਂ ਪਹਿਲਾਂ ਪਟਿਆਲਾ ਦੇ ਮੇਅਰ ਸੰਜੀਵ ਸ਼ਰਮਾ ਬਿੱਟੂ, ਪੀ. ਆਰ. ਟੀ. ਸੀ. ਦੇ ਚੇਅਰਮੈਨ ਕੇ. ਕੇ. ਸ਼ਰਮਾ, ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਕੇ. ਕੇ. ਮਲਹੋਤਰਾ ਸਮੇਤ ਹੋਰ ਕਈ ਚੇਅਰਮੈਨ ਅਤੇ ਸੀਨੀਅਰ ਵਾਈਸ ਚੇਅਰਮੈਨ ਪੰਜਾਬ ਸਰਕਾਰ ਦੀ ਰਡਾਰ 'ਤੇ ਹਨ। ਪਿਛਲੇ ਕਈ ਦਿਨਾਂ ਤੋਂ ਪਟਿਆਲਾ ਦੀ ਐੱਮ. ਪੀ. ਮਹਾਰਾਣੀ ਪਰਨੀਤ ਕੌਰ ਅਤੇ ਉਨ੍ਹਾਂ ਦੀ ਸਪੁੱਤਰੀ ਬੀਬਾ ਜੈਇੰਦਰ ਕੌਰ ਨੇ ਪਟਿਆਲਾ ਦੀ ਕਮਾਂਡ ਸੰਭਾਲੀ ਹੋਈ ਹੈ ਅਤੇ ਦਿਨ ਭਰ ਕਾਂਗਰਸੀ ਕੌਂਸਲਰਾਂ, ਅਹੁਦੇਦਾਰਾਂ ਅਤੇ ਵਰਕਰਾਂ ਦੀਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਕੈਪਟਨ ਦੇ ਮੁੱਖ ਮੰਤਰੀ ਅਹੁਦੇ ਤੋਂ ਹੱਟਣ ਤੋਂ ਬਾਅਦ ਅਤੇ ਉਨ੍ਹਾਂ ਵੱਲੋਂ ਨਵੀਂ ਪਾਰਟੀ ਬਣਾਉਣ ਦਾ ਐਲਾਨ ਕਰਨ ਤੋਂ ਬਾਅਦ ਬੀਬਾ ਜੈਇੰਦਰ ਕੌਰ ਤੁਰੰਤ ਦਿੱਲੀ ਤੋਂ ਪਟਿਆਲਾ ਪਹੁੰਚੇ ਅਤੇ ਉਨ੍ਹਾਂ ਪਟਿਆਲਾ ਸ਼ਹਿਰ ਦੇ ਸਮੁੱਚੇ ਵਾਰਡਾਂ ਦੇ ਵਿਕਾਸ ਕਾਰਜਾਂ ਦਾ ਦੌਰਾ ਕੀਤਾ। ਇਸ ਦੌਰਾਨ ਮੇਅਰ ਸੰਜੀਵ ਸ਼ਰਮਾ ਬਿੱਟੂ ਸਬੰਧਤ ਵਾਰਡ ਦੇ ਕੌਂਸਲਰ ਅਤੇ ਮੁੱਖ ਕਾਂਗਰਸੀ ਆਗੂਆਂ ਨੂੰ ਨਾਲ ਰੱਖਿਆ ਗਿਆ। ਕਈ ਦਿਨ ਨਗਰ ਨਿਗਮ ਕਮਿਸ਼ਨਰ ਪੂਨਮਦੀਪ ਕੌਰ, ਐੱਸ. ਈ. ਸ਼ਾਮ ਲਾਲ ਗੁਪਤਾ ਅਤੇ ਹੋਰ ਅਧਿਕਾਰੀ ਵੀ ਬੀਬਾ ਜੈਇੰਦਰ ਕੌਰ ਨਾਲ ਜਾਂਦੇ ਰਹੇ। ਇਥੋਂ ਤੱਕ ਕਿ ਇੱਕ ਸਰਕਾਰੀ ਸਕੂਲ ਦਾ ਉਦਘਾਟਨ ਵੀ ਬੀਬਾ ਜੈਇੰਦਰ ਕੌਰ ਨੇ ਕੀਤਾ। ਸਰਕਾਰ ਕੋਲ ਸੂਚਨਾ ਪਹੁੰਚਣ 'ਤੇ ਪਹਿਲਾਂ ਅਫ਼ਸਰਸ਼ਾਹੀ 'ਤੇ ਸ਼ਿਕੰਜਾ ਕੱਸਿਆ ਗਿਆ। ਇਸ ਤੋਂ ਬਾਅਦ ਅਫ਼ਸਰਾਂ ਨੇ ਮੋਤੀ ਮਹਿਲ ਦੇ ਨਜ਼ਦੀਕੀਆਂ ਇੱਥੋਂ ਤਕ ਕਿ ਮਹਾਰਾਣੀ ਪਰਨੀਤ ਕੌਰ ਅਤੇ ਬੀਬਾ ਜੈਇੰਦਰ ਕੌਰ ਤੋਂ ਦੂਰੀਆਂ ਬਣਾ ਲਈਆਂ ਗਈਆਂ। ਕਾਂਗਰਸੀ ਵਰਕਰਾਂ ਨੂੰ ਸਖ਼ਤ ਮੈਸੇਜ ਦੇਣ ਲਈ ਜਲਦੀ ਹੀ ਕੈਪਟਨ ਦੇ ਸਭ ਤੋਂ ਨਜ਼ਦੀਕੀਆਂ ਅਤੇ ਮੌਜੂਦਾ ਸਮੇਂ ਕੈਪਟਨ ਦੀ ਰਾਜਨੀਤਕ ਕੰਪੇਨ ਚਲਾਉਣ ਵਾਲੇ ਆਗੂਆਂ ਦੀ ਛੁੱਟੀ ਹੋਣੀ ਤੈਅ ਹੋ ਗਈ ਹੈ। ਸਭ ਤੋਂ ਪਹਿਲਾਂ ਪੀ. ਆਰ. ਟੀ. ਸੀ. ਦੇ ਚੇਅਰਮੈਨ ਕੇ. ਕੇ. ਸ਼ਰਮਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸੰਤੋਖ ਸਿੰਘ ਸਮੇਤ ਕੁੱਝ ਹੋਰ ਚੇਅਰਮੈਨਾਂ ਅਤੇ ਸੀਨੀਅਰ ਵਾਈਸ ਚੇਅਰਮੈਨਾਂ ਨੂੰ ਹਟਾਉਣ ਦੀ ਯੋਜਨਾ ਹੈ। ਸੂਤਰਾਂ ਅਨੁਸਾਰ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਅਤੇ ਰਾਜਪੁਰਾ ਦੇ ਵਿਧਾਇਕ ਹਰਦਿਆਲ ਸਿੰਘ ਕੰਬੋਜ ਚਾਹੁੰਦੇ ਹਨ ਕਿ ਪੀ. ਆਰ. ਟੀ. ਸੀ. ਦੇ ਵਾਈਸ ਚੇਅਰਮੈਨ ਗੁਰਿੰਦਰ ਸਿੰਘ ਦੂਆ ਨੂੰ ਕੇ. ਕੇ. ਸ਼ਰਮਾ ਦੀ ਜਗ੍ਹਾ 'ਤੇ ਚੇਅਰਮੈਨ ਲਾਇਆ ਜਾਵੇ। ਯੋਜਨਾ ਕਮੇਟੀ ਦਾ ਚੇਅਰਮੈਨ ਵੀ ਕਿਸੇ ਸੀਨੀਅਰ ਕਾਂਗਰਸੀ ਆਗੂ ਨੂੰ ਲਾਇਆ ਜਾਵੇ। ਮੇਅਰ ਸੰਜੀਵ ਸ਼ਰਮਾ ਬਿੱਟੂ ਲਗਾਤਾਰ ਮਹਾਰਾਣੀ ਪਰਨੀਤ ਕੌਰ ਅਤੇ ਬੀਬਾ ਜੈਇੰਦਰ ਕੌਰ ਨਾਲ ਡਟੇ ਖੜ੍ਹੇ ਹਨ। ਉਨ੍ਹਾਂ ਨੇ ਆਪਣੇ ਦਫ਼ਤਰ ਵਿੱਚ ਕੈ. ਅਮਰਿੰਦਰ ਸਿੰਘ ਅਤੇ ਮਹਾਰਾਣੀ ਪਰਨੀਤ ਕੌਰ ਨੂੰ ਫ਼ੋਟੋ ਲਾਈ ਹੋਈ ਹੈ। ਨਗਰ ਨਿਗਮ ਦੇ ਸਰਕਾਰੀ ਹੋਰਡਿੰਗਾਂ 'ਤੇ ਮੁੱਖ ਮੰਤਰੀ ਦੀ ਫ਼ੋਟੋ ਲਾਉਣ ਦੀ ਬਜਾਏ ਕੈ. ਅਮਰਿੰਦਰ ਸਿੰਘ ਅਤੇ ਪਰਨੀਤ ਕੌਰ ਦੀਆਂ ਫ਼ੋਟੋਆਂ ਲਾਈਆਂ ਹੋਈਆਂ ਹਨ। ਕੁਝ ਦਿਨ ਪਹਿਲਾਂ ਹੀ ਕਾਂਗਰਸੀ ਆਗੂਆਂ ਦੀ ਕੈ. ਅਮਰਿੰਦਰ ਸਿੰਘ ਦੇ ਹੱਕ ਵਿੱਚ ਨਾਅਰੇਬਾਜ਼ੀ ਕਰਦਿਆਂ ਦੀ ਇੱਕ ਫ਼ੋਟੋ ਵਾਇਰਲ ਹੋਈ ਹੈ। ਇਹ ਸਮੁੱਚੀਆਂ ਫ਼ੋਟੋਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਕੋਲ ਪਹੁੰਚ ਗਈਆਂ ਹਨ, ਜਿਸ ਤੋਂ ਬਾਅਦ ਸਰਕਾਰ ਨੇ ਪਟਿਆਲਾ 'ਤੇ ਫ਼ੋਕਸ ਕਰ ਲਿਆ ਹੈ। ਆਉਣ ਵਾਲੇ ਕੁਝ ਦਿਨਾਂ ਵਿੱਚ ਪਟਿਆਲਾ ਦੀ ਸਿਆਸਤ ਵਿੱਚ ਵੱਡੇ ਧਮਾਕੇ ਹੋਣਗੇ।

# ਸਵ ਗੁਰਜੰਟ ਸਿੰਘ ਦੇ ਬੇਟੇ ਜਗਸੀਰ ਸਿੰਘ ਨੂੰ ਨਿਯੁਕਤੀ ਪੱਤਰ ਸੌਂਪਣ ਪਿੰਡ ਪੁੱਜੇ ਰਾਜਾ ਵੜਿੰਗ



ਭੀਖੀ- ਸੰਜੁਕਤ ਕਿਸਾਨ ਮੋਰਚੇ ਦੁਆਰਾ ਕੇਂਦਰ ਦੀ ਮੋਦੀ ਸਰਕਾਰ ਦੇ ਖਿਲਾਫ ਪਿਛਲੇ 11 ਮਹੀਨਿਆਂ ਤੋਂ ਲਗਾਤਾਰ ਖੇਤੀ ਬਿਲਾਂ ਨੂੰ ਲੈਕੇ ਧਰਨਾ ਲਗਾਤਾਰ ਜਾਰੀ ਹੈ। ਇਸੇ ਸੰਘਰਸ਼ ਦੇ ਦੌਰਾਨ ਕੋਈ ਕਿਸਾਨ ਆਪਣੀ ਜਾਨ ਵੀ ਗਵਾ ਚੁੱਕੇ ਹਨ। ਕਿਸਾਨੀ ਸੰਘਰਸ਼ ਦੋਰਾਨ ਜਾਨ ਗਵਾ ਚੁੱਕੇ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਦੁਆਰਾ ਹਰ ਪਰਿਵਾਰ ਨੂੰ ਪੰਜ ਲੱਖ ਰੁਪਏ ਤੇ ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਗਿਆ ਸੀ ਇਸ ਚਲਦਿਆਂ ਕੈਬਨਿਟ ਮੰਤਰੀ ਰਾਜਾ ਵੜਿੰਗ ਦੁਆਰਾ ਪਿੰਡ ਅਲੀਸ਼ੇਰ ਵਿਖੇ ਖੁਦ ਜਾਕੇ ਮ੍ਰਿਤਕ ਕਿਸਾਨ ਦੇ ਬੇਟੇ ਜਗਸੀਰ ਸਿੰਘ ਨੂੰ ਨਿਯੁਕਤੀ ਪੱਤਰ ਦਿੱਤਾ ਗਿਆ।ਇਸ ਮੌਕੇ ਤੇ ਕੈਬਨਿਟ ਮੰਤਰੀ ਨੇ ਕਿਹਾ ਕਿ ਜਿਹੜੇ ਪਰਿਵਾਰ ਆਪਣੇ ਜੀਅ ਗੁਆ ਚੁੱਕੇ ਹਨ ਉਨ੍ਹਾਂ ਦੀ ਕਮੀ ਨੂੰ ਕੋਈ ਪੂਰਾ ਨਹੀਂ ਕਰ ਸਕਦਾ, ਪਰ ਪੀੜਤ ਪਰਿਵਾਰਾਂ ਦੀ ਮਦਦ ਲਈ ਸਰਕਾਰ ਕਿਸੇ ਪ੍ਰਕਾਰ ਦੀ ਕਮੀ ਨਹੀਂ ਛੱਡੇਗੀ। ਇਸ ਮੌਕੇ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਅਤੇ ਚੇਅਰਮੈਨ ਜ਼ਿਲ੍ਹਾ ਪਰਿਸ਼ਦ ਬਿਕਰਮ ਸਿੰਘ ਮੋਫ਼ਰ,ਸੀਨੀਅਰ ਆਗੂ ਰਣਜੀਤ ਕੌਰ ਭੱਟੀ, ਐਡਵੋਕੇਟ ਗੁਰਪ੍ਰੀਤ ਸਿੰਘ ਵਿੱਕੀ, ਡਿਪਟੀ ਕਮਿਸ਼ਨਰ ਮਹਿੰਦਰ ਪਾਲ, ਐਸ. ਐਸ. ਪੀ. ਸੰਦੀਪ ਕੁਮਾਰ ਗਰਗ, ਮਾਈਕਲ ਗਾਗੋਵਾਲ ਮੌਜੂਦ ਸਨ।ਅਲੀਸ਼ੇਰ ਤੋਂ ਵਾਪਸ ਆਉਂਦੇ ਸਮੇਂ ਕਸਬਾ ਭੀਖੀ ਰੁਕਣ ਤੇ ਕੈਬਨਿਟ ਮੰਤਰੀ ਰਾਜਾ ਵੜਿੰਗ ਦਾ ਮੈਡਮ ਮਨੋਜ ਬਾਲਾ ਦੁਆਰਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਭੀਖੀ ਸ਼ਹਿਰ ਵਾਸੀਆਂ ਦੀ ਮੁਲਾਕਾਤ ਕਰਵਾ ਸ਼ਹਿਰ ਵਾਸੀਆਂ ਸੱਮਸਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਜਲਦ ਹੱਲ ਕਰਵਾਉਣ ਲਈ ਅਪੀਲ ਵੀ ਕੀਤੀ। ਇਸ ਮੌਕੇ ਤੇ ਲਾਜਪਤ ਸ਼ਰਮਾ, ਬਲਰਾਜ ਬਾਂਸਲ, ਰਜਨੀਸ਼ ਸ਼ਰਮਾ,ਛਿੰਦਾ ਰਾਮ,ਹਨੀ ਗਰਗ ਮੋਜੂਦ ਸਨ।

# ਕੈਪਟਨ ਜਨਤਕ ਕਰੇ ਕੇ ਉਸ ਦਿਨ ਕਿਹੜੀਆਂ 13 ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਹੋਈ ਹੈ: ਡੱਲੇਵਾਲ

ਬਠਿੰਡਾ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੋਟਗੁਰੂ)- ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਅਤੇ ਮੈਂਬਰ 9 ਮੈਂਬਰੀ ਕਮੇਟੀ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਦਿਨਾ ਤੋਂ ਜਿਸ ਤਰ੍ਹਾਂ ਦੀਆਂ ਕੈਪਟਨ ਅਮਰਿੰਦਰ ਸਿੰਘ ਦੀਆਂ ਗਤੀਵਿਧੀਆਂ ਨਜ਼ਰ ਆ ਰਹੀਆਂ ਹਨ ,ਉਸ ਤੋਂ ਨਜ਼ਰ ਆ ਰਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੀ ਬੀ ਜੇ ਪੀ ਦੀ ਹੀ 2 ਟੀਮ ਹੈ ,ਜੋ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਅਤੇ ਖਡਾਉਣ ਦੀ ਕੋਸ਼ਿਸ਼ ਵਿੱਚ ਹੈ ,ਅਜਿਹੀਆਂ ਹਰਕਤਾਂ ਉਹ ਇਸ ਲਈ ਹੀ ਕਰ ਰਿਹਾ ਹੈ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕੈਪਟਨ ਅਮਰਿੰਦਰ ਸਿੰਘ ਜਿਹੜਾ ਇਹ ਕਹਿ ਰਿਹਾ ਕਿ ਮੇਰੀ 13 ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਹੋਈ ਹੈ ਜੇਕਰ ਉਸ ਦੀ ਕਿਸੇ ਜੱਥੇਬੰਦੀ ਨਾਲ ਗੱਲਬਾਤ ਹੋਈ ਹੈ ਤਾਂ ਉਹ ਉਸ ਨੂੰ ਜਨਤਕ ਕਰੇ ਤਾਂ ਕਿ ਲੋਕਾਂ ਨੂੰ ਕਲੀਅਰ ਕੱਟ ਪਤਾ ਲੱਗ ਸਕੇ ,ਜੇਕਰ ਕੈਪਟਨ ਅਮਰਿੰਦਰ ਸਿੰਘ ਇਸ ਨੂੰ ਕਲੀਅਰ ਨਹੀ ਕਰਦਾ ਜਨਤਕ ਨਹੀ ਕਰਦਾ ਤਾਂ ਫੇਰ ਇਹ ਆਪਣੇ ਆਪ ਇਹ ਸਮਝਿਆ ਜਾਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਵੀ ਬੀ ਜੇ ਪੀ ਦੀਆਂ ਕੋਝੀਆਂ ਹਰਕਤਾਂ ਤੇ ਆਇਆ ਹੋਇਆ ਹੈ ਅਤੇ ਅੰਦੋਲਨਕਾਰੀਆਂ ਨੂੰ ਬਦਨਾਮ ਕਰਨ ਤੇ ਤੁਰਿਆ ਹੋਇਆ ਹੈ। ਅਸੀਂ ਪਹਿਲਾਂ ਤੋਂ ਹੀ ਇਹ ਕਹਿੰਦੇ ਆ ਰਹੇ ਹਾਂ ਕਿ ਦੇਸ਼ ਦੀਆਂ ਬਹੁਤੀਆਂ ਰਾਜਨੀਤਿਕ ਧਿਰਾਂ ਖਾਸ ਕਰਕੇ ਪੰਜਾਬ ਦੀਆ ਰਾਜਨੀਤਿਕ ਧਿਰਾਂ ਇਸ ਅੰਦੋਲਨ ਦੇ ਅੰਦਰੋ ਖਿਲਾਫ ਨੇ ਕਿਉਂਕਿ ਉਹਨਾਂ ਨੂੰ ਇਸ ਦੇ ਵਿੱਚੋਂ ਇਹਨਾਂ ਦਾ ਆਪਣਾ ਭਵਿੱਖ ਧੁੰਦਲਾ ਹੁੰਦਾ ਦਿਖਾਈ ਦੇ ਰਿਹਾ ਹੈ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਕਿਸਾਨ ਆਗੂਆਂ ਦੇ ਚਰਿੱਤਰ ਤੇ ਉਂਗਲ ਉਠਾਉਣ ਵਾਲੀ ਗੱਲ ਕੈਪਟਨ ਅਮਰਿੰਦਰ ਸਿੰਘ ਬੀ ਜੇ ਪੀ ਦੀ ਚਾਲ ਤੇ ਚੱਲਕੇ ਕਰ ਰਿਹਾ ਹੈ ਅਤੇ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਤਿੰਨ ਕਾਲੇ ਕਾਨੂੰਨ ਰੱਦ ਕਰਵਾਉਣਾ ਐਮ ਐਸ ਪੀ ਦੀ ਗਾਰੰਟੀ ਦਾ ਕਾਨੂੰਨ ਲੈਣਾ ਸਾਡੇ ਅੰਦੋਲਨ ਦਾ ਮੇਨ ਧੁਰਾ ਹੈ ।ਇਸ ਤੋਂ ਬਿਨਾਂ ਕੈਪਟਨ ਅਮਰਿੰਦਰ ਸਿੰਘ ਕਤਾਈ ਨਾ ਸੋਚੇ ਕਿ ਅਸੀਂ ਕੋਈ ਵਿੱਚ ਵਿਚਾਲੇ ਦਾ ਫੈਸਲਾ ਕਰ ਲਵਾਂਗੇ।ਉਨ੍ਹਾਂ ਦੱਸਿਆ ਕਿ ਛੱਬੀ ਤੇ ਸਤਾਈ ਨੂੰ ਵੱਡੀ ਪੱਧਰ ਤੇ ਟਿਕਰੀ ਅਤੇ ਸਿੰਘੂ ਸਰਹੱਦ ਤੇ ਕਿਸਾਨਾਂ ਅਤੇ ਵਰਕਰਾਂ ਦਾ ਵੱਡਾ ਇਕੱਠ ਕੀਤਾ ਜਾਵੇਗਾ ,ਜਿੱਥੇ ਸੰਯੁਕਤ ਮੋਰਚੇ ਵੱਲੋਂ ਕੋਈ ਵੱਡਾ ਐਲਾਨ ਕੀਤਾ ਜਾਵੇਗਾ ।




Solid like a Rock
Looking to Buy/Sell ?
We know the difference between Home & House
Honesty, Integrity & Experience
Specializing in Investment & Income Producing Real Estate
Nlight Real Estate
Tel:516 NLIGHT4
MLS
Since 2007
Sharanjit Singh Thind
Real Estate Broker/Notary Public
180 Broadway, PH 3A, Hicksville NY 11801
Email: homes@nlightrealestate.com
www.nlightrealestate.com

# ਪੰਜਾਬ ਅੰਦਰ ਗੰਧਲਾ ਸਿਆਸੀ ਘਮਸਾਨ

ਪੰਜਾਬ ਦੇ ਆਧੁਨਿਕ ਇਤਿਹਾਸ ਵਿਚ ਸ਼ਾਇਦ ਹੀ ਅਜੋਕਾ ਅਤਿ-ਜ਼ਹਿਰੀਲਾ, ਖਤਰਨਾਕ ਅਤੇ ਗੰਧਲਾ ਸਿਆਸੀ ਘਮਸਾਨ ਵੇਖਣ ਨੂੰ ਮਿਲਿਆ ਹੋਵੇ। ਇਹੋ ਜਿਹੀਆਂ ਸ਼ਰਮਨਾਕ, ਗਲਘੋਟੂ, ਘਟੀਆ ਅਤੇ ਬਹੁਤ ਹੀ ਘਟੀਆ ਸਿਆਸੀ ਊਝਬਾਜ਼ੀਆਂ, ਤਰਕਹੀਣ ਤਕਰਾਰਬਾਜ਼ੀਆਂ ਅਤੇ ਬੇਥਵੀਆਂ ਉਧੇੜਬੁਣੀਆਂ ਕਦੇ ਵੇਖਣ ਨੂੰ ਨਹੀਂ ਮਿਲੀਆਂ।

ਇੰਝ ਲੱਗਦਾ ਹੈ ਜਿਵੇਂ ਅੱਜ ਗੁਰਾਂ ਦੇ ਨਾਂ 'ਤੇ ਜਿਊਣ ਲਈ ਪੰਜਾਬ ਵਿਚ ਸਿਆਸੀ ਕੂਟਨੀਤੀ, ਨੈਤਿਕਤਾ, ਉੱਚ-ਆਚਰਣਤਾ, ਸੂਝਬੂਝ, ਸਹਿਣਸ਼ੀਲਤਾ, ਆਦਰਸ਼ ਜ਼ਾਬਤੇ ਦਾ ਕਾਲ ਪੈ ਗਿਆ ਹੋਵੇ। ਦਰਅਸਲ ਕਾਂਗਰਸ ਪਾਰਟੀ ਦੀ ਰਾਸ਼ਟਰੀ ਪੱਧਰ 'ਤੇ ਕਮਜ਼ੋਰ, ਦਿਸ਼ਾਹੀਣ, ਇਕ ਪਰਿਵਾਰ ਆਧਾਰਿਤ ਗਲਬਾਵਾਦੀ ਦੂਰਅੰਦੇਸ਼ੀ ਰਹਿਤ ਲੀਡਰਸ਼ਿਪ ਹੈ। ਰਾਸ਼ਟਰੀ ਪੱਧਰ 'ਤੇ ਮਾਨਸਿਕ ਤੌਰ 'ਤੇ ਦੀਵਾਲੀਆਪਣ ਅਤੇ ਨੈਤਿਕ ਪੱਖੋਂ ਸਿਆਸੀ ਅਨੈਤਿਕਤਾ ਦੀ ਸ਼ਿਕਾਰ ਸੂਝ-ਬੂਝ ਇਸ ਲੀਡਰਸ਼ਿਪ ਕਰਕੇ ਕਾਂਗਰਸ ਪਾਰਟੀ ਦੇ ਸ਼ਾਸਿਤ ਸੂਬੇ ਪੰਜਾਬ, ਰਾਜਸਥਾਨ ਅਤੇ ਛੱਤੀਸਗੜ੍ਹ ਹੀ ਨਹੀਂ ਸਗੋਂ ਦੂਸਰੇ ਸੂਬੇ ਵੀ ਪਾਰਟੀ ਅੰਦਰਲੀ ਤਿੱਖੀ ਖਾਨਾਜੰਗੀ ਦੇ ਸ਼ਿਕਾਰ ਹਨ। ਅਨੁਸ਼ਾਸਨ ਨਾਂ ਦੀ ਕੋਈ ਸ਼ੈਅ ਨਹੀਂ।



ਪੰਜਾਬ ਅੰਦਰ ਤਾਕਤਵਰ ਸ਼੍ਰੋਮਣੀ ਅਕਾਲੀ ਦਲ ਸੁਪਰੀਮੋ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਮਜ਼ਬੂਤ ਅਕਾਲੀ-ਭਾਜਪਾ ਗਠਜੋੜ ਤੋਂ ਸੱਤਾ ਖੋਹਣ ਲਈ ਕਾਂਗਰਸ ਪਾਰਟੀ ਅਤੇ ਇਸ ਦੇ ਕਿਸੇ ਹੋਰ ਆਗੂ ਕੋਲ ਸਿਵਾਏ ਕੈਪਟਨ ਅਮਰਿੰਦਰ ਸਿੰਘ ਦੇ ਸ਼ਕਤੀ ਨਹੀਂ ਸੀ। ਜਿਥੇ ਸੰਨ 2002 ਵਿਚ ਉਸੇ ਦੀ ਅਗਵਾਈ ਵਿਚ ਉਨ੍ਹਾਂ ਤੋਂ ਸੱਤਾ ਖੋਹੀ ਉਥੇ ਸੰਨ 2017 ਵਿਚ ਨਿਰੋਲ ਕੈਪਟਨ ਦੇ ਸਿਆਸੀ ਤਲਿੱਸਮ ਅਧੀਨ ਚਾਹੁੰਦਾ ਹੈ। ਪੰਜਾਬ-ਕੈਪਟਨ ਦੀ ਸਰਕਾਰ ਨਾਅਰੇ ਰਾਹੀਂ ਸੱਤਾ ਖੋਹੀ ਗਈ। ਇਸ ਦੌਰਾਨ ਕਮਜ਼ੋਰ, ਦਿਸ਼ਾਹੀਣ ਅਤੇ ਦੂਰ-ਦ੍ਰਿਸ਼ਟੀਹੀਣ ਕਾਂਗਰਸ ਦੀ ਰਾਸ਼ਟਰੀ ਲੀਡਰਸ਼ਿਪ ਕੈਪਟਨ ਦੇ ਕੱਦ-ਬੁੱਤ ਦੀ ਲੀਡਰਸ਼ਿਪ ਪੰਜਾਬ ਵਿਚ ਪੈਦਾ ਨਾ ਕਰ ਸਕੀ ਜਿਵੇਂ ਕਾਂਗਰਸ ਦੇ ਅੰਦਰੂਨੀ ਸਿਆਸੀ ਸੱਭਿਆਚਾਰ ਦੀ ਪ੍ਰੰਪਰਾ ਰਹੀ ਹੈ। ਦੂਸਰੇ ਸ਼ਬਦਾਂ ਵਿਚ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਤਾਕਤਵਰ ਗਲਬਾਵਾਦੀ ਵਜੋਂ ਸਥਾਪਿਤ ਹੋ ਚੁੱਕੇ ਕੈਪਟਨ ਅਮਰਿੰਦਰ ਨੇ ਰਾਜ ਵਿਚ ਆਪਣੇ ਬਰਾਬਰ ਕਿਸੇ ਤਰ੍ਹਾਂ ਦੀ ਕਾਂਗਰਸ ਲੀਡਰਸ਼ਿਪ ਨੂੰ ਉੱਭਰਨ ਹੀ ਨਹੀਂ ਦਿੱਤਾ।

ਇਸੇ ਕਰਕੇ ਸਿਆਸੀ ਸਾਜ਼ਿਸ਼ਾਨਾ ਮੱਕੜਜਾਲ ਬੁਣ ਕੇ ਸੱਤਾ ਵਿਚੋਂ ਬੁਰੀ ਤਰ੍ਹਾਂ ਬੇਇੱਜ਼ਤ ਕਰਕੇ ਬਾਹਰ ਵਗਾਹ ਕੇ ਮਾਰਨ ਤੋਂ ਬਾਅਦ ਰਾਸ਼ਟਰੀ ਲੀਡਰਸ਼ਿਪ ਉਸ ਦੇ ਕੱਦ-ਬੁੱਤ ਬਰਾਬਰ ਆਗੂ ਪੰਜਾਬ ਨੂੰ ਨਾ ਦੇ ਸਕਣ ਦਾ ਸਿੱਟਾ ਅਜੋਕਾ ਸਿਆਸੀ ਘਮਸਾਨ ਹੈ। ਸਿਆਸੀ, ਮਨੋਵਿਗਿਆਨਕ ਅਤੇ ਮਾਨਸਿਕ ਤੌਰ 'ਤੇ ਅਸਥਿਰ ਲੀਡਰਸ਼ਿਪ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਸੌਂਪਣਾ ਬਲਦੀ 'ਤੇ ਤੇਲ ਸੁੱਟਣਾ ਸਾਬਿਤ ਹੋਇਆ।ਨਵਜੋਤ ਸਿੰਘ ਸਿੱਧੂ ਖੁਦ ਮੁੱਖ ਮੰਤਰੀ ਬਣਨਾ ਚਾਹੁੰਦਾ ਸੀ ਜਿਵੇਂ ਉਸ ਨੇ ਆਖਿਰ ਲਖੀਮਪੁਰ ਖੀਰੀ ਯਾਤਰਾ ਸਮੇਂ ਦੱਬੀ ਆਵਾਜ਼ ਵਿਚ ਕਹਿ ਹੀ ਦਿੱਤਾ ਸੀ। ਉਸ ਵਲੋਂ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਮੁੱਖ ਮੰਤਰੀ ਥਾਪਣ ਦਾ ਵਿਰੋਧ, ਚਰਨਜੀਤ ਸਿੰਘ ਚੰਨੀ ਵਲੋਂ ਮੁੱਖ ਮੰਤਰੀ ਵਜੋਂ ਉਸ ਦੀ ਕਠਪੁਤਲੀ ਵਿਚਰਣ ਤੋਂ ਕੋਰਾ ਇਨਕਾਰ ਅਤੇ ਗੁੱਸੇ ਵਿਚ ਇਹ ਕਹਿਣਾ ਕਿ ਆ ਲੈ ਮੁੱਖ ਮੰਤਰੀਸ਼ਿਪ ਤੇ ਦੋ ਮਹੀਨੇ 'ਚ ਕਰ ਲੈ ਏਜੰਡਾ ਲਾਗੂ, ਘਟਨਾਵਾਂ ਨੇ ਪੰਜਾਬ ਵਿਚ ਚੰਨੀ ਸਰਕਾਰ ਨੂੰ ਤਮਾਸ਼ਾ ਅਤੇ ਸਾਹਸੱਤਹੀਣ ਬਣਾ ਕੇ ਰੱਖ ਦਿੱਤਾ। ਹਜ਼ਾਰਾਂ ਕਰੋੜਾਂ ਦੀ ਜਾਇਦਾਦ ਦਾ ਮਾਲਿਕ, ਸ਼ਰਾਬ ਅਤੇ ਨਸ਼ਿਆਂ ਦੀਆਂ ਨਦੀਆਂ ਵਹਾ ਕੇ ਚੋਣਾਂ ਜਿੱਤਣ ਲਈ ਮਸ਼ਹੂਰ, 4 ਫੁੱਟ ਰੇਤ ਖੱਡਾਂ ਦੀ ਪੁਟਾਈ 5 ਫੁੱਟ ਕਰਕੇ ਰੇਤ ਮਾਫੀਏ ਦੀ ਸਰਪ੍ਰਸਤੀ ਕਰਨ ਵਾਲਾ, ਪਾਣੀ-ਬਿਜਲੀ ਦੇ ਬਿੱਲ ਅਦਾ ਕਰਨ ਵਾਲੇ ਸ਼ਹਿਰੀਆਂ ਉਲਟ ਕਾਨੂੰਨ ਦੀ ਅਵੱਗਿਆ ਕਰਕੇ ਨਾ ਅਦਾ ਕਰਨ ਵਾਲਿਆਂ ਦੇ ਹਜ਼ਾਰਾਂ ਕਰੋੜ ਮੁਆਫ ਕਰਨ, ਮਹਿਜ਼ ਆਪਣੀ ਝੂਠੀ ਪ੍ਰਸਿੱਧੀ ਲਈ ਮੁਫਤ ਰਿਆਇਤਾਂ ਕਰਕੇ ਪੰਜਾਬ ਸਿਰ ਤਿੰਨ ਲੱਖ ਕਰੋੜ ਦਾ ਕਰਜ਼ਾ 5 ਲੱਖ ਕਰੋੜ ਕਰਨ ਵਾਲੇ ਮੁੱਖ ਮੰਤਰੀ ਦਾ ਖੇਖਨਬਾਜ਼ ਚਿਹਰਾ ਬੇਨਕਾਬ ਹੋਣ ਕਰਕੇ ਕਾਂਗਰਸ ਅੰਦਰਲਾ ਘਮਸਾਨ ਹੋਰ ਤੇਜ਼ੀ ਫੜ ਰਿਹਾ ਹੈ। ਪੰਜਾਬ ਅੰਦਰ ਦਲਿਤ ਰਾਜਨੀਤੀ ਦੇ ਉਭਾਰ ਨੂੰ ਵੱਡੀ ਸੱਟ ਲੱਗੀ ਹੈ।

ਕੈਪਟਨ ਅਮਰਿੰਦਰ ਸਿੰਘ 'ਤੇ ਲਾਗੂ ਹੁੰਦੀ ਹੈ ਜਿਸ ਨੇ ਪਾਕਿਸਤਾਨ ਦੀ ਡਿਫੈਂਸ ਮਾਮਲਿਆਂ ਸਬੰਧੀ ਪੱਤਰਕਾਰ ਮੁਸਲਿਮ ਔਰਤ ਅਰੂਸਾ ਆਲਮ ਪਹਿਲਾਂ ਸੰਨ 2006-07 ਅਤੇ ਹੁਣ ਮਾਰਚ, 2017 ਤੋਂ ਸਤੰਬਰ, 2021 ਤਕ ਆਪਣੀ ਮੁੱਖ ਮੰਤਰੀਸ਼ਿਪ ਦੌਰਾਨ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਿਕ ਤੌਰ 'ਤੇ ਆਪਣੀ ਸਰਕਾਰੀ ਰਿਹਾਇਸ਼ 'ਤੇ ਤਾਇਨਾਤ ਕੀਤੀ। ਜਿਸ ਬਾਰੇ ਕਿਹਾ ਜਾਂਦਾ ਹੈ ਕਿ ਕਿਸੇ ਵੀ ਕੰਮ ਲਈ ਕੋਈ ਕਾਂਗਰਸ ਵਰਕਰ, ਆਗੂ, ਮੰਤਰੀ ਜੇ ਮੁੱਖ ਮੰਤਰੀ ਕੋਲ ਜਾਂਦਾ ਸੀ ਤਾਂ ਅੱਗੋਂ ਕਿਹਾ ਜਾਂਦਾ ਕਿ ਅਰੂਸਾ ਨੂੰ ਮਿਲ ਲਓ। ਨਵਜੋਤ ਸਿੱਧੂ ਦੀ ਪਤਨੀ ਨਵਜੋਤ ਕੌਰ ਨੇ ਤਾਂ ਸਿੱਧੇ ਨੋਟ ਭਰੇ ਅਟੈਚੀ ਅਤੇ ਮਹਿੰਗੇ ਗਿਫਟ ਲੈਣ ਲਈ ਬੀਬੀ ਅਰੂਸਾ ਅਤੇ ਉਸ ਦੇ ਪੁੱਤਰ 'ਤੇ ਦੋਸ਼ ਲਗਾਏ ਹਨ। ਉਸ ਦੇ ਪੁੱਤਰ ਰਫ਼-ਏ-ਆਲਮ ਤੇ ਮਸ਼ਹੂਰ ਈ-ਸਪੋਰਟਸ ਕੰਪਨੀ ਵਿਚ 40 ਮਿਲੀਅਨ ਡਾਲਰ ਨਿਵੇਸ਼ ਕਰਨ ਬਾਰੇ ਇੰਕਸ਼ਾਫ ਹੋਇਆ ਹੈ।

ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅਰੂਸਾ ਨੂੰ ਲੈ ਕੇ ਕੈਪਟਨ 'ਤੇ ਵੱਡੇ ਹਮਲੇ ਕੀਤੇ ਹਨ। ਉਸ ਦੀ ਰਿਹਾਇਸ਼ ਅਤੇ ਖੁਫੀਆ ਏਜੰਸੀਆਂ ਨਾਲ ਸਬੰਧਾਂ ਬਾਰੇ ਜਾਂਚ ਦਾ ਐਲਾਨ ਕੀਤਾ ਹੈ। ਦਰਅਸਲ ਇਸ ਔਰਤ ਨੇ ਜਿਵੇਂ ਪਾਕਿਸਤਾਨ ਰਾਸ਼ਟਰ ਅਤੇ ਇਸਲਾਮ ਨੂੰ ਬਦਨਾਮ ਕੀਤਾ, ਇਸ ਸਬੰਧੀ ਪਾਕਿਸਤਾਨੀ ਗ੍ਰਹਿ ਮੰਤਰਾਲੇ ਨੂੰ ਜਾਂਚ ਕਰਨੀ ਚਾਹੀਦੀ ਹੈ। ਕੈਪਟਨ ਵਲੋਂ ਅਰੂਸਾ ਨਾਲ ਸੋਨੀਆ ਗਾਂਧੀ, ਮੰਤਰੀ ਰਜ਼ੀਆ ਸੁਲਤਾਨਾ ਅਤੇ ਉਸ ਦੀ ਨੂੰਹ ਨਾਲ ਫੋਟੋਆਂ ਮੀਡੀਆ ਨੂੰ ਜਾਰੀ ਕਰਨ ਨਾਲ ਇਸ ਘਮਸਾਨ ਦੀ ਖੇਹ ਹੋਰ ਉੱਡੀ ਹੈ। ਭਾਜਪਾ ਅਤੇ ਬਾਦਲ ਪਰਿਵਾਰ ਨਾਲ ਮਿਲੀਭੁਗਤ ਰਾਹੀਂ ਪੰਜਾਬ ਦਾ ਸ਼ਾਸਨ ਚਲਾਉਣ ਦੀ ਬਦਨਾਮੀ ਗਲੋਂ ਨਹੀਂ ਲਹਿ ਰਹੀ। ਪੰਜਾਬ ਦੀ ਰਾਜਨੀਤੀ 'ਚ ਹਾਸ਼ੀਏ 'ਤੇ ਧੱਕੇ ਗਏ ਕੈਪਟਨ ਵਲੋਂ ਨਵੀਂ ਖੇਤਰੀ ਪਾਰਟੀ ਦਾ ਗਠਨ ਕੀ ਗੁੱਲ ਖਿਲਾਏਗਾ, ਇਹ ਤਾਂ ਸਮਾਂ ਦੱਸੇਗਾ।

3 ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਦਿੱਲੀ ਸਰਹੱਦਾਂ 'ਤੇ ਪਿਛਲੇ 11 ਮਹੀਨਿਆਂ ਤੋਂ ਸੰਘਰਸ਼ ਕਰ ਰਹੀ ਕਿਸਾਨੀ ਦੀ ਪੰਜਾਬ ਦੇ ਸਿਆਸਤਦਾਨਾਂ ਅਤੇ ਰਾਜਸੀ ਪਾਰਟੀਆਂ ਵਲੋਂ ਡੱਟ ਕੇ ਮਦਦ ਕਰਨਾ ਉਲਟ ਸੱਤਾ ਲਈ ਤਰਲੋ-ਮੱਛੀ ਹੋਣ 'ਤੇ ਰੈਲੀਆਂ ਕਰਨ ਦੇ ਵਿਰੋਧ ਦਾ ਐਲਾਨ ਕਿਸਾਨ ਜਥੇਬੰਦੀਆਂ ਨੇ ਕੀਤਾ। ਹੁਣ ਇਨ੍ਹਾਂ ਨੂੰ ਕਿਸਾਨ ਅਤੇ ਉਨ੍ਹਾਂ ਦੇ ਹਮਾਇਤੀ ਪਿੰਡਾਂ-ਸ਼ਹਿਰਾਂ-ਮੁਹੱਲਿਆਂ ਵਿਚ ਨਹੀਂ ਵੜਨ ਦੇ ਰਹੇ। ਇਹ ਸਥਿਤੀ ਵੀ ਅਜੋਕੇ ਸਿਆਸੀ ਘਮਸਾਨ ਨੂੰ ਹੋਰ ਤੇਜ਼ ਕਰ ਰਹੀ ਹੈ। ਸਿਆਸੀ ਇੱਛਾ ਸ਼ਕਤੀਹੀਣ ਚੰਨੀ ਸਰਕਾਰ ਅਤੇ ਕਾਂਗਰਸ ਪਾਰਟੀ ਅਸਲ ਮੁੱਦਿਆਂ ਤੋਂ ਭੱਜ ਚੁੱਕੀ ਹੈ, ਜਿਸ ਦਾ ਸਿਆਸੀ ਤੌਰ 'ਤੇ ਅਧਮੋਏ ਆਗੂ ਵਾਂਗ 'ਅਸਤੀਫਾ ਪ੍ਰਧਾਨ' ਸਿੱਧੂ ਦੱਬੀ ਸੁਰ ਵਿਚ ਰਾਗ ਅਲਾਪਦਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਆਪਣਾ ਜਨਤਕ ਆਧਾਰ ਅਤੇ ਭਰੋਸੇਯੋਗਤਾ ਗੁਆ ਚੁੱਕੀਆਂ ਹਨ।

ਐਸੇ ਸਿਆਸੀ ਹਾਲਾਤ ਵਿਚ ਪੰਜਾਬ ਦੇ ਦੇਸ਼-ਵਿਦੇਸ਼ ਵਿਚ ਬੈਠੀਆਂ ਪ੍ਰਬੁੱਧ ਅਤੇ ਚੇਤੰਨ ਸ਼ਖ਼ਸੀਅਤਾਂ ਪੰਜਾਬੀਆਂ ਨੂੰ ਨੇਕ ਸਲਾਹਾਂ ਦੇ ਰਹੀਆਂ ਹਨ ਕਿ ਪੰਜਾਬੀਓ ਜਾਗੋ, ਜਦੋਂ ਤੁਸੀਂ ਜਾਗ ਪਏ ਫਿਰ ਆਪਣੇ ਵਿਚੋਂ ਅਜੋਕੇ ਭ੍ਰਿਸ਼ਟ, ਲੋਟੂ, ਅਨੈਤਿਕ ਆਗੂਆਂ ਦੀ ਥਾਂ ਆਪਣੇ ਨੁਮਾਇੰਦੇ ਚੁਣ ਕੇ ਨਵ-ਪੰਜਾਬ ਦੀ ਉਸਾਰੀ ਕਰੋਗੇ।

**ਦਰਬਾਰਾ ਸਿੰਘ ਕਾਹਲੋਂ**

# ਬੇਅਦਬੀ ਦੀਆਂ ਘਟਨਾਵਾਂ ਦਾ ਪੰਜਾਬ ਦੀ ਰਾਜਨੀਤੀ ਉੱਪਰ ਪ੍ਰਭਾਵ

ਛੇ ਸਾਲਾਂ ਬਾਅਦ ਵੀ ਪੰਜਾਬ ਦੀ ਰਾਜਨੀਤੀ ਅਤੇ ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮੁੱਦਾ ਲਗਾਤਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ ਸਿੱਖ ਧਰਮ ਵਿਚ ਇਸ ਪਵਿੱਤਰ ਗ੍ਰੰਥ ਦਾ ਸਰਵਉੱਚ ਸਥਾਨ ਹੈ।ਇਹ ਬਹੁਤ ਹੀ ਸੁਭਾਵਿਕ ਹੈ ਕਿ ਸਿੱਖ ਇਸ ਕੇਸ ਵਿਚ ਨਿਆਂ ਚਾਹੁੰਦੇ ਹਨ।ਬਿਨਾਂ ਕਿਸੇ ਵਿਰੋਧਾਭਾਸ ਤੋਂ ਸਿੱਖ ਮੰਨਦੇ ਹਨ ਕਿ ਇਸ ਤਰਾਂ ਦੀ ਦੁਖਦਾਈ ਘਟਨਾ ਤਾਂ ਮੁਗਲ ਰਾਜ ਸਮੇਂ ਵੀ ਨਹੀਂ ਸੀ ਹੋਈ ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਨਿਸ਼ਚਿਤ ਕੀਤਾ ਹੋਇਆ ਸੀ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦੇ ਛੇ ਵਰ੍ਹਿਆਂ ਬਾਅਦ ਵੀ ਇਸ ਨੂੰ ਪੰਜਾਬ ਸੂਬੇ ਵਿਚ ਰਾਜਨੀਤੀ ਦੀ ਦਸ਼ਾ ਨਿਰਧਾਰਿਤ ਕਰਨ ਲਈ ਇਕ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ।ਪੰਜਾਬ ਦੀ ਰਾਜਨੀਤਿਕ ਪਾਰਟੀਆਂ ਲਈ ਬੇਅਦਬੀ ਅਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ ਦੇ ਅਜੇ ਵੀ ਗੰਭੀਰ ਰਾਜਨੀਤਿਕ ਪਰਿਣਾਮ ਨਿਕਲ ਸਕਦੇ ਹਨ।ਪੰਜਾਬ ਦੀ ਰਾਜਨੀਤੀ ਵਿਚ ਬੇਅਦਬੀ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਨੇ ਕੇਂਦਰੀ ਸਥਾਨ ਨਹੀਂ ਸੀ ਪ੍ਰਾਪਤ ਕਰਨਾ ਅਗਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਹੱਲ ਕਰਨ ਦੀ ਦਿਸ਼ਾ ਵਿਚ ਕੁਝ ਕਾਰਗਾਰ ਕਦਮ ਚੁੱਕੇ ਹੁੰਦੇ।ਸੱਤਾਧਾਰੀ ਪਾਰਟੀ ਅਤੇ ਇਸ ਦੇ ਸਟਾਰ ਮੁੱਖ ਮੰਤਰੀ ਦੀ ਇਸ ਨੂੰ ਹੱਲ ਕਰਨ ਵਿਚ ਅਸਫਲਤਾ ਨੇ ਹੀ 2022 ਦੀਆਂ ਅਸੈਂਬਲ਼ੀ ਚੋਣਾਂ ਤੋਂ ਪਹਿਲਾਂ ਇਸ ਮੁੱਦੇ ਨੂੰ ਫਿਰ ਤੋਂ ਮੁੱਖ ਮੁੱਦਾ ਬਣਾ ਦਿੱਤਾ ਹੈ।ਇਸ ਦੇ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਲਈ ਗੰਭੀਰ ਸਿੱਟੇ ਨਿਕਲ ਸਕਦੇ ਹਨ।ਪੰਜਾਬ ਦੀ ਜਨਤਾ ਵਿਚ ਵਿਸ਼ਵਾਸ ਜਗਾਉਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੱਤਾਧਾਰੀ ਕਾਂਗਰਸ ਪਾਰਟੀ ਨੇ ਬੇਅਦਬੀ ਸੰਬੰਧੀ ਵਿਧਾਨਿਕ ਨਿਯਮ ਲਿਆ ਕੇ ਸੂਬੇ ਨੂੰ ਸਦੀਆਂ ਨਹੀਂ ਤਾਂ ਦਹਾਕਿਆਂ ਪਿੱਛੇ ਧੱਕ ਦਿੱਤਾ। ਪਹਿਲਾਂ ਤੋਂ ਹੀ ਨਿਰਦਈ ਅਤੇ ਅਸੰਵਿਧਾਨਿਕ ਪੀਨਲ ਕੋਡ ਵਿਚ ਇਹ ਧਾਰਾ ਸ਼ਾਮਿਲ ਕੀਤੀ ਗਈ ਕਿ ਜੋ ਕੋਈ ਵੀ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਆਹਤ ਕਰਨ ਦੇ ਮਕਸਦ ਨਾਲ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰੇਗਾ, ਉਸ ਨੂੰ ਉਮਰ ਕੈਦ ਦੀ ਸਜ਼ਾ ਹੋਵੇਗੀ।ਇਸ ਉਸ ਵਿਰੋਧਾਭਾਸ ਨੂੰ ਜ਼ਾਹਿਰ ਕਰਦਾ ਹੈ ਜਿਸ ਦੇ ਤਹਿਤ ਇਕ-ਈਸ਼ਵਰਵਾਦੀ ਧਰਮ ਨਾਲ ਸੰਬੰਧਿਤ ਪਵਿੱਤਰ ਗ੍ਰੰਥਾਂ ਨੂੰ ਇਕ ਦੂਜੇ ਵਿਰੁੱਧ ਹੀ ਧਰਮ-ਵਿਰੋਧੀ ਹੋਣ ਵਜੋਂ ਵਰਤਿਆ ਜਾ ਸਕਦਾ ਹੈ।ਇਸ ਤਰਾਂ ਕੀਤੀ ਗਈ ਨਵੀਂ ਸੋਧ ਅਸਲ ਵਿਚ ਸੰਵਿਧਾਨ ਦੀ ਧਾਰਾ 19 ਵਿਚ ਦਰਜ ਨਾਗਰਿਕਾਂ ਦੇ ਅਜ਼ਾਦੀ ਅਤੇ ਬੋਲਣ ਦੇ ਅਧਿਕਾਰ ਦੀ ਸਰਾਸਰ ਉਲੰਘਣਾ ਹੈ।ਇਹ ਕਾਨੂੰਨ ਮਹਿਜ਼ ਬੋਲਣ ਅਤੇ ਇਜ਼ਹਾਰ ਕਰਨ ਕਰਕੇ ਹੀ ਨਾਗਰਕਿਾਂ ਨੂੰ ਉਮਰ ਕੈਦ ਦੀ ਸਜ਼ਾ ਦੁਆ ਸਕਦਾ ਹੈ। ਇਸ ਤੋਂ ਵੀ ਵੱਡੀ ਵਿਡੰਬਨਾ ਇਹ ਹੈ ਕਿ ਇਸ ਦੀ ਦੁਰਵਰਤੋਂ ਨੂੰ ਰੋਕਣ ਲਈ ਕੁਝ ਵੀ ਨਹੀਂ ਕੀਤਾ ਗਿਆ ਜੋ ਕਿ ਸਰਕਾਰ ਦੇ ਗੈਰ-ਜ਼ਿੰਮੇਵਾਰਾਨਾ ਨਜ਼ਰੀਏ ਨੂੰ ਜ਼ਾਹਿਰ ਕਰਦਾ ਹੈ।

1 ਜੂਨ, 2015 ਨੂੰ ਸਿੱਖਾਂ ਦੇ ਗੁਰੂ ਸਥਾਨ ਪ੍ਰਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਫਰੀਦਕੋਟ ਜਿਲੇ ਨਾਲ ਸੰਬੰਧਿਤ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿਚੋਂ ਚੋਰੀ ਕਰਨ ਦੀ ਘਟਨਾ ਵਾਪਰੀ।ਇਸ ਤੋਂ ਕਈ ਮਹੀਨਿਆਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਾਪੀਆਂ ਪੰਜਾਬ ਵਿਚ ਕਈ ਹੋਰ ਥਾਵਾਂ ਤੇ ਮਿਲੀਆਂ ਜਿਸ ਵਿਚ ਫਰੀਦਕੋਟ ਦਾ ਬਰਗਾੜੀ ਵੀ ਸ਼ਾਮਿਲ ਸੀ।ਇਸ ਨਾਲ ਪੂਰੇ ਸੂਬੇ ਵਿਚ ਸਿੱਖਾਂ ਦੁਆਰਾ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਗਿਆ।ਫਰੀਦਕੋਟ ਜਿਲੇ ਵਿਚ ਵਿਰੋਧ ਪ੍ਰਦਰਸ਼ਨ ਕਰ ਰਹੇ ਸਿੱਖਾਂ ਉੱਪਰ ਪੁਲਿਸ ਦੁਆਰਾ ਹਿੰਸਕ ਜਵਾਬੀ ਕਾਰਵਾਈ ਕੀਤੀ ਵਿਚ ਦੋ ਸਿੱਖ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਅਤੇ ਕਈ ਲੋਕ ਪੁਲਿਸ ਦੁਆਰਾ ਕੀਤੀ ਗੋਲਾਬਾਰੀ ਵਿਚ ਜਖਮੀ ਹੋ ਗਏ।ਇਸ ਘਟਨਾ ਦੇ ਗੰਭੀਰ ਰਾਜਨੀਤਿਕ ਸਿੱਟੇ ਨਿਕਲੇ। ਉਸ ਸਮੇਂ ਬਾਦਲ ਦੀ ਅਗਵਾਈ ਵਾਲੀ ਸੱਤਾਧਾਰੀ ਅਕਾਲੀ ਪਾਰਟੀ ਨੂੰ 2017 ਦੀਆਂ ਅਸੈਂਬਲੀ ਚੋਣਾਂ ਵਿਚ ਬੁਰੀ ਤਰਾਂ ਹਾਰ ਦਾ ਸਾਹਮਣਾ ਕਰਨਾ ਪਿਆ।ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਨੇ ਬੇਅਦਬੀ ਦੀ ਘਟਨਾ ਵਿਚ ਨਿਆਂ ਦੁਆਉਣ ਨੂੰ ਅਧਾਰ ਬਣਾ ਕੇ ਇਸ ਨੂੰ ਚੋਣਾਂ ਵਿਚ ਮੁੱਖ ਮੁੱਦੇ ਵਜੋਂ ਪੇਸ਼ ਕੀਤਾ।ਨਤੀਜਨ ਕਾਂਗਰਸ ਪਾਰਟੀ ਨੂੰ ਚੋਣਾਂ ਵਿਚ ਦੋ-ਤਿਹਾਈ ਤੋਂ ਵੀ ਜਿਆਦਾ ਭਾਰੀ ਬਹੁਮਤ ਮਿਲਿਆ।ਅਕਤੂਬਰ 2015 ਤੋਂ ਲੈ ਕੇ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੇ ਇਸ ਸੰਬੰਧੀ ਦੋ ਨਿਆਂਇਕ ਕਮਿਸ਼ਨਾਂ ਦਾ ਗਠਨ ਕੀਤਾ ਅਤੇ ਚਾਰ ਸਪੈਸ਼ਲ ਜਾਂਚ ਟੀਮਾਂ ਬਣਾਈਆਂ ਗਈਆਂ। ਇਸ ਦੇ ਨਾਲ ਹੀ ਕੇਂਦਰੀ ਜਾਂਚ ਬਿਊਰੋ ਦੁਆਰਾ ਨਾਲ-ਨਾਲ ਜਾਂਚ ਦੀ ਕਾਰਵਾਈ ਚਲਦੀ ਰਹੀ ਹੈ। ਇਸ ਦੇ ਬਾਵਜੂਦ ਵੀ ਇਸ ਜਾਂਚ ਦਾ ਕੋਈ ਸਿੱਟਾ ਨਹੀਂ ਨਿਕਲਿਆ ਅਤੇ ਡੇਰਾ ਸੱਚਾ ਸੌਦਾ ਨਾਲ ਸੰਬੰਧਿਤ ਆਮ ਲੋਕਾਂ ਨੂੰ ਛੱਡ ਕੇ ਕਿਸੇ ਨੂੰ ਵੀ ਇਸ ਵਿਚ ਕੋਈ ਸਜ਼ਾ ਨਹੀਂ ਹੋਈ ਹੈ। ਸਗੋਂ ਇਸ ਨਾਲ ਸੰਬੰਧਿਤ ਪ੍ਰਭਾਵਸ਼ਾਲੀ ਵਿਅਕਤੀਆਂ ਅਤੇ ਪੁਲਿਸ ਅਫਸਰਾਂ ਨੂੰ ਲਗਾਤਾਰ ਰਾਹਤ ਮਿਲਦੀ ਰਹੀ ਹੈ।ਕੁਝ ਮਹੀਨੇ ਪਹਿਲਾਂ ਉੱਚ ਅਦਾਲਤ ਦੇ ਇਸ ਕੇਸ ਸੰਬੰਧੀ ਫੈਸਲੇ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸੱਤਾਧਾਰੀ ਕਾਂਗਰਸ ਵਿਚ ਖਲਬਲੀ ਮਚਾ ਦਿੱਤੀ ਕਿਉਂਕਿ ਉੱਚ ਅਦਾਲਤ ਨੇ ਸਰਕਾਰ ਦੁਆਰਾ ਨਿਯੁਕਤ ਸਪੈਸ਼ਲ ਜਾਂਚ ਟੀਮ ਨੂੰ ਖਾਰਿਜ ਕਰ ਦਿੱਤਾ ਅਤੇ ਇਸ ਟੀਮ ਦੁਆਰਾ ਬੇਅਦਬੀ ਅਤੇ ਇਸ ਨਾਲ ਸੰਬੰਧਿਤ ਘਟਨਾਵਾਂ ਦੀ ਜਾਂਚ ਨੂੰ ਅਫਸਰ ਦੀ ਨਿੱਜੀ ਦੁਰਭਾਵਨਾ ਤੋਂ ਪ੍ਰੇਰਿਤ ਦੱਸਿਆ ਜਿਸ ਵਿਚ ਉਸ ਨੇ ਮਨਘੜਤ ਨਜ਼ਰੀਏ ਨਾਲ ਕੰਮ ਕੀਤਾ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਸ਼ਪੈਸ਼ਲ ਕੋਰੇਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Thinking of Buying/Selling ?

WIN ZONE Realty Inc.

WIN ZONE REALTY INC.



# Baldev Singh

**Associate Broker/Notary Public**

**146-20 34 av. Flushing NY 11354**

**Cell : 917-224-7395**

**Email : josanbaldev@yahoo.com**




Are you paying too much for Auto, Home, Business, Workman Compensation, Contractors, General Liability, E&O ?

Call us today for complimentary analysis of your policy.



Sharanjit Singh Thind
Licensed P&C Insurance Broker/ Notary Public
(Service with Honesty & Smile, Since 2012)

Tel: 516-654-4488

insure@nlightfin.com www.nlightfin.com

# ਅਮਰੀਕਾ 'ਚ ਲਾਪਤਾ ਹੋਏ 5 ਸਾਲਾ ਬੱਚੇ ਦੀ ਲਾਸ਼ ਜੰਗਲ 'ਚ ਦੱਬੀ ਹੋਈ ਮਿਲੀ

ਫ਼ਰਿਜਨੋ (ਕੈਲੇਫ਼ੋਰਨੀਆ) -ਅਮਰੀਕਾ ਦੇ ਨਿਊ ਹੈਂਪਸ਼ਾਇਰ 'ਚ 5 ਸਾਲਾ ਲਾਪਤਾ ਹੋਏ ਬੱਚੇ ਦੀ ਇੱਕ ਹਫ਼ਤੇ ਤੋਂ ਵੱਧ ਸਮੇਂ ਤਕ ਭਾਲ ਕਰਨ ਤੋਂ ਬਾਅਦ ਅਧਿਕਾਰੀਆਂ ਨੇ ਜੰਗਲ 'ਚ ਦੱਬੀ ਹੋਈ ਇੱਕ ਲਾਸ਼ ਪ੍ਰਾਪਤ ਕੀਤੀ ਹੈ, ਜੋ ਕਿ ਸੰਭਾਵਿਤ ਤੌਰ 'ਤੇ ਇਸੇ ਲਾਪਤਾ ਹੋਏ ਬੱਚੇ ਦੀ ਮੰਨੀ ਜਾ ਰਹੀ ਹੈ। ਪੁਲੀਸ ਅਨੁਸਾਰ ਇਹ ਲਾਸ ਉਸ ਦੇ ਜੱਦੀ ਸਹਿਰ ਤੋਂ 70 ਮੀਲ ਦੂਰ ਮੈਸੇਚਿਉਸੇਟਸ 'ਚ ਇੱਕ ਜੰਗਲੀ ਖੇਤਰ 'ਚ ਦੱਬੀ ਹੋਈ ਮਿਲੀ ਹੈ। ਇਹ ਲਾਪਤਾ ਹੋਇਆ ਬੱਚਾ ਜਿਸ ਦਾ ਨਾਮ ਏਲੀਯਾਹ ਲੁਈਸ ਹੈ, ਨੂੰ ਆਖਰੀ ਵਾਰ ਸਤੰਬਰ 'ਚ ਨਿਊ ਹੈਂਪਸ਼ਾਇਰ ਦੇ ਮੈਰੀਮੈਕ 'ਚ ਉਸ ਦੇ ਘਰ ਵੇਖਿਆ ਗਿਆ ਸੀ।

ਇੱਕ ਜਾਣਕਾਰੀ ਦੇ ਆਧਾਰ 'ਤੇ ਪੁਲੀਸ ਨੇ ਇਸ ਹਫ਼ਤੇ ਦੇ ਅਖੀਰ 'ਚ ਬੋਸਟਨ ਦੇ ਦੱਖਣ 'ਚ ਐਬਿੰਗਟਨ 'ਚ ਇੱਕ ਜੰਗਲੀ ਖੇਤਰ 'ਚ ਜਾਂਚ ਮੁਹਿੰਮ ਸੁਰੂ ਕੀਤੀ ਸੀ ਅਤੇ ਪਿਛਲੇ



ਸ਼ਨੀਵਾਰ ਦੀ ਸਵੇਰ ਸਟੇਟ ਪੁਲੀਸ ਨੇ ਖੋਜੀ ਕੁੱਤੇ ਦੀ ਮਦਦ ਨਾਲ ਇਸ ਲਾਸ਼ ਨੂੰ ਲੱਭਿਆ। ਇਸ ਮੌਤ ਦੇ ਤਰੀਕੇ ਅਤੇ ਕਾਰਨ ਦਾ ਪਤਾ ਲਗਾਉਣ ਅਤੇ ਅਧਿਕਾਰਤ ਤੌਰ 'ਤੇ ਲਾਸ ਦੀ ਪਛਾਣ ਕਰਨ ਲਈ ਮੈਸੇਚਿਉਸੇਟਸ ਦੇ ਮੁੱਖ ਮੈਡੀਕਲ ਜਾਂਚਕਰਤਾ ਦੁਆਰਾ ਪੋਸਟ ਮਾਰਟਮ ਕਰਵਾਇਆ ਜਾਵੇਗਾ। ਹਾਲਾਂਕਿ ਅਵਸ਼ੇਸਾਂ ਦੀ ਦਿੱਖ ਅਤੇ ਸਥਿਤੀ ਨੇ ਅਧਿਕਾਰੀਆਂ ਨੂੰ ਇਹ ਵਿਸ਼ਵਾਸ ਕਰਨ ਲਈ ਪ੍ਰੇਰਿਤ ਕੀਤਾ ਕਿ ਇਹ ਏਲੀਯਾਹ ਦੀ ਹੀ ਲਾਸ਼ ਹੈ। ਪੁਲੀਸ ਅਨੁਸਾਰ ਇਸ ਮੌਤ ਨੂੰ ਸ਼ੱਕੀ ਮੰਨਿਆ ਜਾ ਰਿਹਾ ਹੈ ਅਤੇ ਪੋਸਟ ਮਾਰਟਮ ਦੇ ਨਤੀਜਿਆਂ ਦੇ ਆਧਾਰ 'ਤੇ ਦੋਸ਼ ਲਾਏ ਜਾ ਸਕਦੇ ਹਨ। ਇਸ ਬੱਚੇ ਦੇ ਲਾਪਤਾ ਹੋਣ ਦੇ ਸਬੰਧ 'ਚ ਹੁਣ ਤਕ 2 ਲੋਕਾਂ ਏਲੀਯਾਹ ਦੀ ਮਾਂ ਡੇਨੀਏਲ ਡੌਫ਼ਿਨਿਸ (35) ਅਤੇ ਉਸ ਦੇ ਦੋਸਤ, ਜੋਸੇਫ਼ ਸਟੈਫ਼(30) ਨੂੰ ਪਹਿਲਾਂ ਹੀ ਚਾਰਜ ਕੀਤਾ ਜਾ ਚੁੱਕਾ ਹੈ।

# ਪਾਕਿਸਤਾਨ ਸਰਕਾਰ ਨੇ ਪਿਆਰ ਕਰਨ-ਗਲੇ ਲਾਉਣ ਵਾਲੇ ਦ੍ਰਿਸ਼ਾਂ 'ਤੇ ਲਾਇਆ ਬਨੈ



ਇਸਲਾਮਾਬਾਦ- ਪਾਕਿਸਤਾਨ ਇਲੈਕਟ੍ਰੌਨਿਕ ਮੀਡੀਆ ਰੈਗੂਲੇਟਰੀ ਅਥਾਰਟੀ ਨੇ ਟੀ.ਵੀ. ਚੈਨਲਾਂ ਨੂੰ ਨਿਰਦੇਸ਼ ਦਿੱਤਾ ਹੈ। ਕਿਹਾ ਹੈ ਕਿ ਸੀਰੀਅਲ ਵਿੱਚ ਅਸ਼ਲੀਲਤਾ ਨੂੰ ਦਿਖਾਉਣਾ ਬੰਦ ਕਰਨ। ਅਥਾਰਟੀ ਨੇ ਇਸ ਦੇ ਲਈ ਇੱਕ ਨੋਟੀਫ਼ਿਕੇਸ਼ਨ ਵੀ ਜਾਰੀ ਕੀਤਾ ਜਿਸ ਵਿੱਚ ਕਿਹਾ ਗਿਆ ਹੈ ਕਿ ਉਸ ਨੂੰ ਦਰਸ਼ਕਾਂ ਤੋਂ ਕਈ ਸ਼ਿਕਾਇਤਾਂ ਮਿਲੀਆਂ ਹਨ ਜੋ ਮੰਨਦੇ ਹਨ ਨਾਟਕਾਂ 'ਚ ਦਿਖਾਉਣ ਵਾਲੇ ਸੀਨ ਪਾਕਿਸਤਾਨੀ ਸਮਾਜ ਦੀ ਸੱਚੀ ਤਸਵੀਰ ਦੀ ਨੁਮਾਇੰਦਗੀ ਨਹੀਂ ਕਰਦੇ ਹਨ। ਪੀ.ਈ.ਐੱਮ.ਆਰ.ਏ. ਦੀ ਰਿਪੋਰਟ ਅਨੁਸਾਰ ਗਲੇ ਲੱਗਣਾ, ਦੁਲਾਰ ਕਰਨ, ਸਬੰਧ, ਅਸ਼ਲੀਲ, ਬੋਲਡ ਡ੍ਰੈਸਿੰਗ, ਬੈੱਡ ਸੀਨ ਤੇ ਵਿਆਹੁਤਾ ਜੋੜਿਆਂ ਦੇ ਸੀਨ ਪਾਕਿਸਤਾਨੀ ਸਮਾਜ ਲਈ ਇਸਲਾਮੀ ਸਿੱਖਿਆ ਤੇ ਸੰਸਕ੍ਰਿਤੀ ਦੀ ਉਲੰਘਣਾ ਕਰ ਕੇ ਗਲੈਮਰਾਈਜ਼ ਕੀਤਾ ਜਾ ਰਿਹਾ ਹੈ। ਅਥਾਰਟੀ ਨੇ ਕਿਹਾ ਕਿ ਉਸ ਨੇ ਚੈਨਲਾਂ ਨੂੰ ਅਜਿਹੇ ਦ੍ਰਿਸ਼ਾਂ ਦੀ ਸਮੀਖਿਅਕ ਰਨ ਲਈ ਵਾਰ-ਵਾਰ ਨਿਰਦੇਸ਼ ਦਿੱਤੇ ਸਨ। ਰੀਮਾ ਓਮਰ (ਕਾਨੂੰਨੀ ਸਲਾਹਕਾਰ, ਦੱਖਣੀ ਏਸ਼ੀਆ, ਕੌਮਾਂਤਰੀ ਨਿਆਂ ਕਮਿਸ਼ਨ) ਨੇ ਕਿਹਾ ਕਿ ਪੀਈਐੱਮਆਰ ਨੂੰ ਆਖਿਰਕਾਰ ਕੁਝ ਸਹੀ ਮਿਲਿਆ। ਵਿਆਹੁਤਾ ਜੋੜਿਆਂ ਵਿੱਚਕਾਰ ਪਿਆਰ ਪਾਕਿਸਤਾਨੀ ਸਮਾਜ ਦਾ ਸੱਚਾ ਚਿੱਤਰਨ ਨਹੀਂ ਹੈ। ਇਸ ਨੂੰ ਗਲੈਮਰਾਈਜ਼ ਨਹੀਂ ਕੀਤਾ ਜਾਣਾ ਚਾਹੀਦਾ।

# ਦਿੱਲੀ ਦੇ ਬਾਜ਼ਾਰਾਂ ਵਿੱਚ ਖਰੀਦੋ-ਫ਼ਰੋਖਤ ਕਾਰਨ ਭੀੜ ਵਧੀ

ਨਵੀਂ ਦਿੱਲੀ-ਉੱਤਰੀ ਭਾਰਤ ਦਾ ਕਾਰੋਬਾਰ ਦੇ ਲਿਹਾਜ਼ ਨਾਲ ਅਹਿਮ ਸ਼ਹਿਰ ਦਿੱਲੀ ਦੇ ਥੋਕ ਤੇ ਖੁਦਰਾ ਬਾਜ਼ਾਰਾਂ ਵਿੱਚ ਅੱਜਕੱਲ੍ਹ ਬੇਹਿਸਾਬੀ ਭੀੜ ਦੇਖੀ ਜਾ ਸਕਦੀ ਹੈ, ਜੋ ਮੁੜ ਤੋਂ ਦਿੱਲੀ ਵਿੱਚ ਕਰੋਨਾ ਨੂੰ ਸੱਦਾ ਦੇ ਸਕਦੀ ਹੈ। ਦਿੱਲੀ ਦੇ ਹਰ ਬਾਜ਼ਾਰ ਵਿੱਚ ਲੋਕ ਖਰੀਦਦਾਰੀ ਕਰਦੇ ਦੇਖੇ ਜਾ ਸਕਦੇ ਹਨ। ਤਿਉਹਾਰਾਂ ਦੇ ਸਮੇਂ ਅਜਿਹਾ ਦਿੱਲੀ ਵਿੱਚ ਆਮ ਹੁੰਦਾ ਹੈ ਪਰ ਇਸ ਵਾਰ ਸਦਰ ਬਾਜ਼ਾਰ, ਚਾਂਦਨੀ ਚੌਕ, ਨਈਂ ਸੜਕ, ਚਾਵੜੀ ਬਾਜ਼ਾਰ, ਖਾਰੀ ਬਾਵਲੀ, ਨਿਆਂ ਬਾਜ਼ਾਰ ਵਿੱਚ ਕਈ ਥਾਵਾਂ ਉਪਰ ਲੋਕਾਂ ਦੀ ਭੀੜ ਬੀਤੇ ਦਿਨਾਂ ਤੋਂ ਦੇਖੀ ਜਾ ਸਕਦੀ ਹੈ। ਹਾਲਾਂਕਿ ਦਿੱਲੀ ਪੁਲੀਸ ਵਲੋਂ ਸੁਰੱਖ਼ਿਆ ਦੇ ਬੰਦੋਬਸਤ ਕੀਤੇ ਜਾ ਰਹੇ ਹਨ ਪਰ ਫ਼ਿਰ ਵੀ ਐਸੋਸੀਏਸ਼ਨਾਂ ਦੇ ਅਹੁਦੇਦਾਰਾਂ ਵਲੋਂ ਪੁਲੀਸ ਦੀ ਹੋਰ ਸੁਰੱਖ਼ਿਆ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਸਦਰ



ਸਿੰਘ ਪੰਮਾ ਨੇ ਕਿਹਾ ਕਿ ਬੀਤੇ ਦਿਨਾਂ ਤੋਂ ਦਿੱਲੀ ਦੇ ਥੋਕ ਵਪਾਰੀਆਂ ਦੇ ਚਿਹਰੇ ਖਿੜ੍ਹੇ ਹੋਏ ਹਨ ਕਿਉਂਕਿ ਬਾਜ਼ਾਰਾਂ ਵਿੱਚ ਗਾਹਕਾਂ ਦੀ ਭੀੜ ਖਰੀਦੋ-ਫ਼ਰੋਖਤ ਕਰਦੀ ਦੇਖੀ ਜਾ ਰਹੀ ਹੈ। ਚਾਂਦਨੀ ਚੌਕ ਦੀ ਮਰਚੈਂਟ ਐਸੋਸੀਏਸ਼ਨ ਦੇ ਸਹਿ-ਸਕੱਤਰ ਸੁਸ਼ੀਲ ਕੁਮਾਰ ਜੈਨ ਅਨੁਸਾਰ ਸਦਰ ਬਾਜ਼ਾਰ ਥੋਕ ਬਾਜ਼ਾਰ ਤੋਂ ਇਲਾਵਾ ਚਾਂਦਨੀ ਚੌਕ ਤੇ ਇਸ ਦੇ ਆਲੇ-ਦੁਆਲੇ ਦੇ ਹੋਰ ਬਾਜ਼ਾਰਾਂ 'ਚ ਦੁਕਾਨਦਾਰਾਂ ਦੀ ਭੀੜ ਪਿਛਲੇ ਕੁਝ ਦਿਨਾਂ ਤੋਂ ਜ਼ਰੂਰਤ ਤੋਂ ਜ਼ਿਆਦਾ ਵਧ ਗਈ ਹੈ। ਫ਼ੈਡਰੇਸ਼ਨ ਔਫ਼ ਸਦਰ ਬਾਜ਼ਾਰ ਟਰੇਡ ਐਸੋਸੀਏਸ਼ਨ ਦੇ ਪ੍ਰਧਾਨ ਰਾਕੇਸ਼ ਕੁਮਾਰ ਯਾਦਵ ਅਨੁਸਾਰ ਸਦਰ ਬਾਜ਼ਾਰ ਵਿੱਚ ਭੀੜ ਪਿਛਲੇ ਤਿੰਨ-ਚਾਰ ਦਿਨਾਂ ਤੋਂ ਇੰਨੀ ਜ਼ਿਆਦਾ ਹੈ ਕਿ ਇਸ ਉੱਤੇ ਕਾਬੂ ਪਾਉਣਾ ਮੁਸ਼ਕਿਲ ਹੋ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਸਦਰ ਬਾਜ਼ਾਰ 'ਚ ਭੀੜ ਦਿਨੋਂ ਦਿਨ ਵਧ ਰਹੀ ਹੈ। ਐਸੋਸੀਏਸ਼ਨ ਨੇ ਸਥਾਨਕ ਪੁਲੀਸ ਐੱਸ.ਐੱਚ.ਓ. ਨਾਲ ਮੀਟਿੰਗ ਕੀਤੀ ਤੇ ਸਦਰ ਬਾਜ਼ਾਰ ਵਿੱਚ ਭੀੜ ਨੂੰ ਕੰਟਰੋਲ ਕਰਨ ਦੀ ਮੰਗ ਕੀਤੀ। ਪੁਲੀਸ ਨੇ ਐਸੋਸੀਏਸ਼ਨ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਸਦਰ ਬਾਜ਼ਾਰ ਵਿੱਚ ਭੀੜ ਨੂੰ ਕੰਟੋਰਲ ਕਰਨ ਲਈ 200 ਸਿਵਲ ਡਿਫ਼ੈਂਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ।

# ਯੂਕਰੇਨ 'ਚ ਲਾੜਾ ਤੇ ਕੇਰਲ 'ਚ ਲਾੜੀ, 'ਗੂਗਲ ਮੀਟ' ਰਾਹੀਂ ਔਨ-ਲਾਈਨ ਹੋ ਗਿਆ ਵਿਆਹ

ਕੋਲਮ ਕੋਰੋਨਾ ਕਾਲ ਵਿੱਚ ਹੁਣ ਸਭ ਕੁਝ ਔਨ-ਲਾਈਨ ਹੋਣ ਲੱਗਾ ਹੈ ਅਤੇ ਇਸੇ ਲੜੀ ਵਿੱਚ ਹੁਣ ਵਿਆਹ ਵੀ ਸ਼ਾਮਲ ਹੋ ਗਏ ਹਨ। ਅਜਿਹਾ ਹੀ ਇੱਕ ਅਨੋਖਾ ਔਨ-ਲਾਈਨ ਵਿਆਹ ਹੋਇਆ ਕੇਰਲ 'ਚ। ਲਾੜਾ ਹਜ਼ਾਰਾਂ ਕਿਲੋਮੀਟਰ ਦੂਰ ਯੂਕਰੇਨ ਵਿੱਚ ਸੀ, ਜਦਕਿ ਲਾੜੀ ਕੇਰਲ ਦੇ ਪੁਨਾਲੁਰ ਵਿੱਚ। ਇਹ ਕੇਰਲ ਦਾ ਪਹਿਲਾ ਔਨ-ਲਾਈਨ ਵਿਆਹ ਸੀ। ਕੇਰਲ 'ਚ ਕੋਲਮ ਜ਼ਿਲ੍ਹੇ ਦੇ ਪੁਨਾਲੁਰ ਸਬ-ਰਜਿਸਟਰਾਰ ਦਫ਼ਤਰ ਵਿੱਚ ਸੂਬੇ ਦਾ ਪਹਿਲਾ ਔਨ-ਲਾਈਨ ਵਿਆਹ ਸੰਪੰਨ ਹੋਇਆ।

ਇਹ ਵਿਆਹ ਸਬ-ਰਜਿਸਟਰਾਰ ਟੀ.ਐੱਮ. ਫ਼ਿਰੋਜ਼ ਦੀ ਦੇਖ-ਰੇਖ ਵਿੱਚ ਹੋਇਆ, ਜਿਨ੍ਹਾਂ ਨੇ ਲਾੜੀ ਨੂੰ ਵਿਆਹ ਦਾ ਸਰਟੀਫ਼ਿਕੇਟ ਦਿੱਤਾ। ਇਸ ਤੋਂ ਬਾਅਦ ਲਾੜੀ ਧਨਯਾ ਮਾਰਟਿਨ ਯੂਕਰੇਨ ਵਾਸੀ ਜੀਵਨ ਕੁਮਾਰ ਨਾਲ ਕਾਨੂੰਨੀ ਤੌਰ 'ਤੇ ਵਿਆਹ ਦੇ ਬੰਧਨ 'ਚ ਬੱਝੀ। ਇਸ ਤਰ੍ਹਾਂ ਇਹ ਸੂਬੇ ਵਿੱਚ ਡਿਜੀਟਲ ਸਹੂਲਤ ਜ਼ਰੀਏ ਪਹਿਲਾ ਵਿਆਹ ਹੋਇਆ। ਵਿਆਹ ਸਮਾਰੋਹ ਦੇ ਤੁਰੰਤ ਬਾਅਦ ਲਾੜੀ ਨੂੰ ਵਿਆਹ ਦਾ ਸਰਟੀਫ਼ਿਕੇਟ ਸੌਂਪ ਦਿੱਤਾ ਗਿਆ। ਦਰਅਸਲ ਕੋਰੋਨਾਵਾਇਰਸ ਮਹਾਂਮਾਰੀ ਕਾਰਨ ਲਾੜਾ ਜੀਵਨ ਯੂਕਰੇਨ ਤੋਂ ਕੇਰਲ ਨਹੀਂ ਆ ਸਕਿਆ।



ਦਰਅਸਲ ਲਾੜੀ ਧਨਯਾ ਮਾਰਟਿਨ ਅਤੇ ਜੀਵਨ ਕੁਮਾਰ ਨੇ ਮਾਰਚ 'ਚ ਸਪੈਸ਼ਲ ਮੈਰਿਜ ਐਕਟ ਤਹਿਤ ਵਿਆਹ ਦਾ ਰਜਿਸਟ੍ਰੇਸ਼ਨ ਕਰਾਉਣ ਲਈ ਅਰਜ਼ੀ ਦਾਇਰ ਕੀਤੀ ਸੀ ਪਰ ਜੀਵਨ ਕੁਮਾਰ ਤੈਅ ਸਮੇਂ ਵਿੱਚ ਕੇਰਲ ਨਹੀਂ ਜਾ ਸਕੇ। ਇਸ ਤੋਂ ਬਾਅਦ ਇਨ੍ਹਾਂ ਦੋਹਾਂ ਨੇ ਅਰਜ਼ੀ ਦੇ ਸਮੇਂ ਨੂੰ ਵਧਾਉਣ ਅਤੇ ਦੋਵਾਂ ਪੱਖਾਂ ਦੀ ਹਾਜ਼ਰੀ 'ਚ ਨਿਯਮਾਂ ਮੁਤਾਬਕ ਵੀਡੀਓ ਕਾਨਫ਼ਰੈਂਸਿੰਗ ਜ਼ਰੀਏ ਵਿਆਹ ਕਰਨ ਦੀ ਆਗਿਆ ਦੇਣ ਲਈ ਕੇਰਲ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਬਾਅਦ ਵਿੱਚ ਅਦਾਲਤ ਨੇ ਸੂਬਾ ਸਰਕਾਰ, ਕੇਂਦਰੀ ਸੂਚਨਾ ਅਤੇ ਤਕਨਾਲੋਜੀ ਮੰਤਰਾਲਾ ਅਤੇ ਵਿਦੇਸ਼ ਮੰਤਰਾਲਾ ਨਾਲ ਸਲਾਹ ਕਰ ਕੇ ਦੋਵਾਂ ਨੂੰ ਔਨ-ਲਾਈਨ ਵਿਆਹ ਕਰਨ ਦੀ ਆਗਿਆ ਦੇ ਦਿੱਤੀ। ਜ਼ਿਲ੍ਹਾ ਰਜਿਸਟਰਾਰ ਸੀ. ਕੇ. ਜਾਨਸਨ ਗੂਗਲ ਮੀਟ ਜ਼ਰੀਏ ਇਸ ਵਿਆਹ ਦੇ ਗਵਾਹ ਬਣੇ, ਜਦਕਿ ਸਬ-ਰਜਿਸਟਰਾਰ ਫ਼ਿਰੋਜ਼ ਨੇ ਆਪਣੀ ਦੇਖ-ਰੇਖ 'ਚ ਵਿਆਹ ਸੰਪੰਨ ਕਰਵਾਇਆ। ਲਾੜੇ ਦੇ ਪਿਤਾ ਦੇਵਰਾਜਨ ਨੇ ਆਪਣੇ ਪੁੱਤਰ ਵਲੋਂ ਵਿਆਹ ਰਜਿਸਟਰ 'ਤੇ ਦਸਤਖ਼ਤ ਕੀਤੇ।

# ਚੀਨ ਦੀ ਨਾਪਾਕ ਸਾਜ਼ਿਸ਼, ਮਸਜਿਦਾਂ ਤੋਂ ਹਟਾ ਰਿਹਾ ਹੈ 'ਗੁੰਬਦ ਅਤੇ ਮੀਨਾਰ'

ਬੀਜਿੰਗ - ਚੀਨ ਨੇ ਮੁਸਲਮਾਨਾਂ ਦੀ ਸੱਭਿਆਚਾਰਕ ਪਛਾਣ ਖ਼ਤਮ ਕਰਨ ਲਈ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਇਸ ਦੇ ਤਹਿਤ ਚੀਨ ਮਸਜਿਦਾਂ ਤੋਂ ਗੁਬੰਦ ਅਤੇ ਮੀਨਾਰ ਖ਼ਤਮ ਕਰ ਰਿਹਾ ਹੈ। ਸ਼ਿਨਜਿਆਂਗ ਸੂਬੇ ਦੀ ਸੈਂਕੜੇ ਸਾਲ ਪੁਰਾਣੀ ਮਸਜਿਦ ਡੋਂਗਗੁਆਨ ਚੀਨੀ ਦਮਨ ਦਾ ਤਾਜਾ ਸ਼ਿਕਾਰ ਬਣੀ ਹੈ। ਚੀਨ ਸਰਕਾਰ ਦਾ ਕਹਿਣਾ ਹੈ ਕਿ ਉਹ ਮਸਜਿਦਾਂ ਦੀ ਚੀਨੀਕਰਨ ਕਰਨਾ ਚਾਹੁੰਦੀ ਹੈ ਤਾਂ ਜੋ ਉਹ ਬੀਜਿੰਗ ਦੇ ਤਿਆਨਮੇਨ ਚੌਕ ਵਾਂਗ ਨਜ਼ਰ ਆਉਣ। ਇਹ ਨਹੀਂ ਸਥਾਨਕ ਲੋਕਾਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਗੁੰਬਦਾਂ ਨੂੰ ਖ਼ਤਮ ਕਰਨ ਦੇ ਬਾਰੇ ਕੋਈ ਗੱਲ ਨਾ ਕਰਨ।

ਐੱਨ.ਪੀ.ਆਰ. ਦੀ ਰਿਪੋਰਟ ਮੁਤਾਬਕ ਚੀਨ ਪੂਰੇ ਦੇਸ਼ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮਸਜਿਦਾਂ ਤੋਂ ਮੀਨਾਰ ਅਤੇ ਗੁੰਬਦਾਂ ਨੂੰ ਖ਼ਤਮ ਕਰਨ ਵਿੱਚ ਲੱਗਿਆ ਹੋਇਆ ਹੈ। ਚੀਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਗੁੰਬਦ ਅਤੇ ਮੀਨਾਰ ਵਿਦੇਸ਼ੀ ਧਾਰਮਿਕ ਪ੍ਰਭਾਵ ਦਾ ਪ੍ਰਤੀਕ ਹਨ। ਇਸੇ ਕਾਰਨ ਉਹ ਇਨ੍ਹਾਂ ਨੂੰ ਹਟਾਇਆ ਜਾ ਰਿਹਾ ਹੈ ਤਾਂ ਜੋ ਮੁਸਲਿਮਾਂ ਨੂੰ ਹੋਰ ਜ਼ਿਆਦਾ ਰਵਾਇਤੀ ਚੀਨੀ ਮੁਸਲਿਮ ਬਣਾਇਆ ਜਾ ਸਕੇ। ਚੀਨ ਨੇ ਇਹ ਮੁਹਿੰਮ ਅਜਿਹੇ ਸਮੇਂ ਵਿੱਚ ਤੇਜ ਕੀਤੀ ਹੈ ਜਦੋਂ ਦੇਸ਼ ਵਿੱਚ ਇਸਲਾਮੋਫ਼ੋਬੀਆ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ ਅਤੇ ਧਾਰਮਿਕ ਪਾਬੰਦੀਆਂ ਦਾ ਦਾਇਰਾ ਲਗਾਤਾਰ ਵਧਾਇਆ ਜਾ ਰਿਹਾ ਹੈ।

ਚੀਨ ਨੇ ਮੌਜੂਦਾ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਕਾਰਜ ਕਾਲ ਵਿੱਚ ਨਸਲੀ ਘੱਟ -ਗਿਣਤੀਆਂ ਦਾ ਚੀਨੀਕਰਨ ਕਰਨਾ ਸ਼ੁਰੂ ਕੀਤਾ।ਚੀਨ ਨੇ ਇਹ ਰਣਨੀਤੀ ਸਿੱਧੇ ਤੌਰ 'ਤੇ ਸੋਵੀਅਤ ਸੰਘ ਤੋਂ ਲਈ ਹੈ ਅਤੇ ਨਸਲੀ ਘੱਟ- ਗਿਣਤੀਆਂ ਨੂੰ ਬਹੁਤ ਘੱਟ ਸੱਭਿਆਚਾਰਕ ਖੁਦਮੁਖਤਿਆਰੀ ਦਿੱਤੀ ਹੈ। ਹੁਣ ਸ਼ੀ ਦੀ ਅਗਵਾਈ ਵਿੱਚ ਦੇਸ਼ ਦੇ ਮੁਸਲਿਮਾਂ ਦਾ ਚੀਨੀਕਰਨ ਹੋ ਰਿਹਾ ਹੈ। ਇਸੇ ਦਾ ਨਤੀਜਾ ਹੈ ਕਿ ਹੁਣ ਚੀਨ ਦੇ ਹੁਈ ਮੁਸਲਿਮਾਂ ਨੇ ਚੀਨ ਵਿੱਚ ਮਸ਼ਹੂਰ ਪੂਜਾ ਦੇ ਵਿਚਾਰ ਨੂੰ ਆਪਣੇ



ਮੁਸਲਿਮ ਰੀਤੀ ਰਿਵਾਜ ਵਿੱਚ ਸ਼ਾਮਲ ਕਰ ਲਿਆ ਹੈ। ਚੀਨ ਚਾਹੁੰਦਾ ਹੈਕਿ ਮੁਸਲਿਮ ਚੀਨ ਦੀ ਕਮਿਊਨਿਸਟ ਪਾਰਟੀ ਦੀਆਂ ਕਦਰਾਂ-ਕੀਮਤਾਂ ਨੂੰ ਵੀ ਆਪਣੇ ਧਾਰਮਿਕ ਨਿਯਮਾਂ ਵਿੱਚ ਲਾਗੂ ਕਰੇ ਅਤੇ ਸਿਰਫ਼ ਮੰਦਾਰਿਨ ਬੋਲਣ। ਨਾਲ ਹੀ ਸਾਰੇ ਵਿਦੇਸ਼ੀ ਪ੍ਰਭਾਵਾਂ ਨੂੰ ਖਾਰਜ ਕਰ ਦੇਣ। ਇਤਿਹਾਸ ਦੇ ਇੱਕ ਮਾਹਰ ਮਾ ਹੈਊਨ ਨੇ ਕਿਹਾ ਕਿ ਚੀਨ ਦੇ ਸੱਜੇ ਪੱਖੀ ਹੁਣ ਸੱਭਿਆਚਾਰਕ ਰੂਪ ਨਾਲ ਚੀਨ 'ਤੇ ਸ਼ਾਸ਼ਨ ਕਰਨਾ ਚਾਹੁੰਦੇ ਹਨ। ਇਸ ਦੇ ਤਹਿਤ ਇੱਥੋਂ ਦੇ ਅਧਿਕਾਰੀ ਮਸਜਿਦਾਂ ਵਿੱਚ ਗੁੰਬਦ ਨੂੰ ਨਸ਼ਟ ਕਰ ਰਹੇ ਹਨ ਤਾਂ ਜੋ ਸਾਊਦੀ ਜਾਂ ਅਰਬੀ ਪ੍ਰਭਾਵ ਨੂੰ ਖ਼ਤਮ ਕੀਤਾ ਜਾ ਸਕੇ।

# ਭਾਰਤੀ ਮੂਲ ਦੇ ਡਾ. ਗੁਲਜਾਰ ਚੀਮਾ ਦੇ ਨਾਮ 'ਤੇ ਰੱਖਿਆ 'ਸਟਰੀਟ' ਦਾ ਨਾਂ




ਟੌਰੰਟੋ-'ਵਿੰਨੀਪੈੱਗ ਸਿਟੀ ਕੌਂਸਲ' ਨੇ ਮੈਨੀਟੋਬਾ, ਕੈਨੇਡਾ ਵਿੱਚ ਚੁਣੇ ਗਏ ਭਾਰਤੀ ਮੂਲ ਦੇ ਪਹਿਲੇ ਐੱਮ. ਐੱਲ. ਏ. ਡਾ. ਗੁਲਜਾਰ ਸਿੰਘ ਚੀਮਾ ਦੇ ਨਾਮ 'ਤੇ ਸ਼ਹਿਰ ਦੀ ਇੱਕ ਸੜਕ ਦਾ ਨਾਮ 'ਡਾ. ਗੁਲਜਾਰ ਚੀਮਾ ਸਟਰੀਟ' ਰੱਖਿਆ ਹੈ। ਇਸ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਪੱਤਰ ਲਿਖ ਕੇ ਉਨ੍ਹਾਂ ਨੂੰ ਮਿਲੇ ਇਸ ਸਨਮਾਨ ਲਈ ਵਧਾਈ ਦਿੱਤੀ।

ਇਸ ਸਬੰਧੀ ਵਿੰਨੀਪੈੱਗ ਸਿਟੀ ਕੌਂਸਲ ਦੀ ਸਪੀਕਰ ਦੇਵੀ ਸ਼ਰਮਾ ਤੋਂ ਪ੍ਰਾਪਤ ਇੱਕ ਜਾਣਕਾਰੀ ਮੁਤਾਬਕ ਡਾ. ਗੁਲਜਾਰ ਸਿੰਘ ਚੀਮਾ ਦੀਆਂ ਵਿੰਨੀਪੈੱਗ ਸ਼ਹਿਰ ਅਤੇ ਕਮਿਊਨਿਟੀ ਪ੍ਰਤੀ ਸ਼ਾਨਦਾਰ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਉਕਤ ਫ਼ੈਸਲਾ ਲਿਆ ਗਿਆ ਸੀ। ਇਸ ਸਬੰਧੀ ਸਿਟੀ ਵਲੋਂ ਸਟਰੀਟ ਨਾਮਕਰਨ ਸਮਾਗਮ 23 ਅਕਤੂਬਰ ਬੀਤੇ ਦਿਨ ਸ਼ਨੀਵਾਰ ਨੂੰ ਕਮਰਸ਼ੀਅਲ ਐਵਨਿਊ-ਚੀਮਾ ਡਰਾਈਵ (ਵੈਸਟ ਔਫ਼ ਐਡਵਰਡ ਸਟਰੀਟ) 'ਤੇ ਰੱਖਿਆ ਗਿਆ। ਜ਼ਿਕਰਯੋਗ ਹੈ ਕਿ ਡਾ ਗੁਲਜਾਰ ਸਿੰਘ ਚੀਮਾ ਜੋ ਕਿ ਅੱਜਕੱਲ ਸਰੀ (ਬੀ. ਸੀ.) ਵਿਖੇ ਰਹਿ ਰਹੇ ਹਨ, ਲੰਬਾ ਸਮਾਂ ਵਿੰਨੀਪੈੱਗ ਸ਼ਹਿਰ ਵਿੱਚ ਆਪਣੇ ਪਰਿਵਾਰ ਸਮੇਤ ਰਹੇ ਹਨ। ਉਹ ਇੱਥੋਂ ਦੇ ਕਿਲਡੋਨਨ ਹਲਕੇ ਤੋਂ ਪਹਿਲੀ ਵਾਰ 1988 ਵਿੱਚ ਲਿਬਰਲ ਵਿਧਾਇਕ ਚੁਣੇ ਗਏ ਸਨ। ਇੱਕ ਕੈਨੇਡੀਅਨ ਲਿਬਰਲ ਸਿਆਸਤਦਾਨ ਜੌਨ ਐਲਡਾਗ ਸਮਾਗਮ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਟਵੀਟ ਕਰ ਕੇ ਇਸ ਬਾਰੇ ਜਾਣਕਾਰੀ ਦਿੱਤੀ।

ਡਾ. ਗੁਲਜਾਰ ਕੈਨੇਡਾ ਦੀ ਕਿਸੇ ਲੈਜਿਸਲੇਚਰ ਵਿੱਚ ਪੁੱਜਣ ਵਾਲੇ ਪਹਿਲੇ ਵਿਧਾਇਕ ਬਣੇ ਸਨ। ਬਾਅਦ ਵਿੱਚ ਉਹ ਬੀ. ਸੀ. ਚਲੇ ਗਏ ਜਿਥੇ ਉਹ 2001 ਵਿੱਚ ਮੁੜ ਵਿਧਾਇਕ ਤੇ ਸਿਹਤ ਮੰਤਰੀ ਬਣੇ। ਉਹ ਇਸ ਸਮੇ ਵੀ ਫ਼ੈਡਰਲ ਲਿਬਰਲ ਪਾਰਟੀ ਨਾਲ ਜੁੜੇ ਹੋਏ ਹਨ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨੇੜਲੇ ਸਾਥੀਆਂ ਵਿੱਚ ਉਨ੍ਹਾਂ ਦਾ ਸ਼ੁਮਾਰ ਹੈ।

# ਅਮਰੀਕੀ ਅਦਾਕਾਰ ਦੁਆਰਾ ਅਣਜਾਣੇ 'ਚ ਚੱਲੀ ਗੋਲੀ ਕਾਰਨ ਮਰਨ ਵਾਲੀ ਸਿਨੇਮਾਟੋਗ੍ਰਾਫ਼ਰ ਨੂੰ ਦਿੱਤੀ ਸ਼ਰਧਾਂਜਲੀ







ਫ਼ਰਿਜਨੋ (ਕੈਲੇਫ਼ੋਰਨੀਆ) - ਅਮਰੀਕਾ 'ਚ ਪਿਛਲੇ ਦਿਨੀਂ ਫ਼ਿਲਮ 'ਰਸਟ' ਦੇ ਸੈੱਟ 'ਤੇ ਪ੍ਰਸਿੱਧ ਅਦਾਕਾਰ ਐਲੇਕ ਬਾਲਡਵਿਨ ਦੁਆਰਾ ਗਲਤੀ ਨਾਲ ਗੋਲੀ ਚੱਲਣ ਕਾਰਨ ਮਰਨ ਵਾਲੀ ਸਿਨੇਮਾਟੋਗ੍ਰਾਫ਼ਰ ਹੈਲੀਨਾ ਹਚਿਨਜ਼ ਨੂੰ ਨਿਊ ਮੈਕਸੀਕੋ 'ਚ ਸ਼ਰਧਾਂਜਲੀ ਦਿੱਤੀ ਗਈ। ਅਲਬੁਆਰਕ ਸਿਵਿਕ ਪਲਾਜ਼ਾ 'ਚ ਇੱਕ ਮੋਮਬੱਤੀਆਂ ਜਗ੍ਹਾ ਕੇ ਲੋਕਲ 600 ਅੰਤਰਰਾਸ਼ਟਰੀ ਸਿਨੇਮਾਟੋਗ੍ਰਾਫ਼ਰਜ਼ ਗਿਲਡ ਦੁਆਰਾ 42 ਸਾਲਾ ਹਚਿਨਜ਼ ਨੂੰ ਯਾਦ ਕੀਤਾ ਗਿਆ।

ਸ਼ਰਧਾਂਜਲੀ ਸਮਾਗਮ ਦੌਰਾਨ ਵਾਇਲਨ ਵਜਾਉਣ ਵਾਲਿਆਂ ਨੇ ਆਡੀਟੋਰੀਅਮ 'ਚ ਗਮਗੀਨ ਸੰਗੀਤ ਵੀ ਪੇਸ਼ ਕੀਤਾ। ਇੰਟਰਨੈਸ਼ਨਲ ਸਿਨੇਮਾਟੋਗ੍ਰਾਫ਼ਰਜ਼ ਗਿਲਡ, ਨੈਸ਼ਨਲ 600 ਆਈ.ਏ.ਟੀ.ਐੱਸ.ਈ. ਦੇ ਰਾਸ਼ਟਰੀ ਕਾਰਜਕਾਰੀ ਨਿਰਦੇਸ਼ਕ ਰਾਇਨ ਅਨੁਸਾਰ ਇਹ ਇੱਕ ਬਹੁਤ ਦੁੱਖਦਾਈ ਘਟਨਾ ਹੈ। ਇਸ ਮੌਕੇ ਹਚਿਨਜ਼ ਦੀ ਕੈਮਰਾ ਓਪਰੇਟਿੰਗ ਟੀਮ ਦੇ ਮੈਂਬਰ, ਲੇਨ ਲੂਪਰ ਨੇ ਵੀ ਭਾਵਨਾਤਕ ਸੰਬੋਧਨ ਕੀਤਾ। ਇਸ ਹਾਦਸੇ 'ਚ ਜਾਨ ਗਵਾਉਣ ਵਾਲੀ ਸਿਨੇਮਾਟੋਗ੍ਰਾਫ਼ਰ ਹਚਿਨਜ਼ ਨੂੰ ਸਭ ਨੇ ਪ੍ਰੱਤਿਭਾਸ਼ਾਲੀ ਦੱਸਿਆ ਅਤੇ ਭਰੇ ਮਨ ਨਾਲ ਯਾਦ ਕੀਤਾ।



# ਭਾਰਤ ਵਿੱਚ ਨਫ਼ਰਤ ਨਾਲ ਨਜਿੱਠਣ ਲਈ ਜੂਝ ਰਹੀ ਹੈ ਫ਼ੇਸਬੁੱਕ



ਨਿਊ ਯੌਰਕ-ਫ਼ੇਸਬੁੱਕ ਦੇ ਅੰਦਰੂਨੀ ਦਸਤਾਵੇਜ਼ ਦੱਸਦੇ ਹਨ ਕਿ ਕੰਪਨੀ ਆਪਣੇ ਸਭ ਤੋਂ ਵੱਡੇ ਬਾਜ਼ਾਰ ਭਾਰਤ ਵਿੱਚ ਗੁੰਮਰਾਹਕੁੰਨ ਸੂਚਨਾਵਾਂ, ਨਫ਼ਰਤੀ ਭਾਸ਼ਣਾਂ ਤੇ ਹਿੰਸਾ 'ਤੇ ਜਸ਼ਨ ਮਨਾਉਣ ਨਾਲ ਜੁੜੀ ਸਮੱਗਰੀ ਦੀ ਸਮੱਸਿਆ ਨਾਲ ਸੰਘਰਸ਼ ਕਰ ਰਹੀ ਹੈ। ਅਮਰੀਕੀ ਅਖ਼ਬਾਰ 'ਦਿ ਨਿਊ ਯੌਰਕ ਟਾਈਮਜ਼' ਵਿੱਚ ਛਪੀ ਇੱਕ ਰਿਪੋਰਟ ਮੁਤਾਬਕ ਸ਼ੋਸ਼ਲ ਮੀਡੀਆ ਦੇ ਖੋਜਕਰਤਾਵਾਂ ਨੇ ਇਸ ਗੱਲ ਵਲ ਇਸ਼ਾਰਾ ਕੀਤਾ ਹੈ ਕਿ ਅਜਿਹੇ ਸਮੂਹ ਤੇ ਪੇਜ ਹਨ ਜੋ 'ਭੜਕਾਊ ਤੇ ਗੁੰਮਰਾਹਕੁੰਨ ਮੁਸਲਿਮ ਵਿਰੋਧੀ ਸਮੱਗਰੀ ਨਾਲ ਭਰੇ ਪਏ ਹਨ।' ਮੀਡੀਆ ਰਿਪੋਰਟ ਮੁਤਾਬਕ ਫ਼ੇਸਬੁੱਕ ਦੇ ਇੱਕ ਖੋਜਕਰਤਾ ਨੇ ਫ਼ਰਵਰੀ 2019 ਵਿੱਚ ਇੱਕ ਨਵਾਂ ਯੂਜ਼ਰ ਅਕਾਊਂਟ ਬਣਾਇਆ ਤਾਂ ਕਿ ਦੇਖਿਆ ਜਾ ਸਕੇ ਕਿ ਕੇਰਲਾ ਦੇ ਇੱਕ ਵਾਸੀ ਲਈ ਵੈੱਬਸਾਈਟ ਕਿਸ ਤਰ੍ਹਾਂ ਦੀ ਦਿਖਦੀ ਹੈ। 3ਹਫ਼ਤਿਆਂ ਤਕ ਅਕਾਊਂਟ ਨੂੰ ਆਮ ਨੇਮਾਂ ਤਹਿਤ ਚਲਾਇਆ ਗਿਆ। ਸਮੂਹਾਂ ਨਾਲ ਜੁੜਨ, ਵੀਡੀਓ ਤੇ ਸਾਈਟ ਦੇ ਨਵੇਂ ਪੇਜ ਨੂੰ ਦੇਖਣ ਲਈ ਫ਼ੇਸਬੁੱਕ ਦੇ ਅਲਗੋਰਿਦਮ ਦੁਆਰਾ ਕੀਤੀਆਂ ਗਈਆਂ ਸਾਰੀਆਂ ਸਿਫ਼ਾਰਸ਼ਾਂ ਦਾ ਪਾਲਣ ਕੀਤਾ ਗਿਆ। ਇਸ ਦਾ ਸਿੱਟਾ ਇਹ ਰਿਹਾ ਕਿ ਅਕਾਊਂਟ ਚਲਾਉਣ ਵਾਲੇ ਦੇ ਸਾਹਮਣੇ ਨਫ਼ਰਤੀ ਭਾਸ਼ਨ, ਝੂਠੀਆਂ ਸੂਚਨਾਵਾਂ ਤੇ ਹਿੰਸਾ 'ਤੇ ਜਸ਼ਨ ਮਨਾਉਣ ਦਾ ਹੜ੍ਹ ਆ ਗਿਆ ਹੈ। ਇਸ ਨੂੰ ਫ਼ੇਸਬੁੱਕ ਨੇ ਆਪਣੀ ਅੰਦਰੂਨੀ ਰਿਪੋਰਟ ਵਿੱਚ ਦਰਜ ਕੀਤਾ ਹੈ। ਇਸ ਮਹੀਨੇ ਦੇ ਅੰਤ ਵਿੱਚ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ ਹੈ। ਰਿਪੋਰਟ ਮੁਤਾਬਕ ਫ਼ੇਸਬੁੱਕ ਦੇ ਦਸਤਾਵੇਜ਼ ਦੱਸਦੇ ਹਨ ਕਿ ਕੰਪਨੀ ਭਾਰਤੀ ਬਾਜ਼ਾਰ ਵਿੱਚ ਝੂਠੀਆਂ ਸੂਚਨਾਵਾਂ, ਨਫ਼ਰਤੀ ਭਾਸ਼ਨਾਂ ਤੇ ਹਿੰਸਾ ਨਾਲ ਜੁੜੀ ਸਮੱਗਰੀ ਨਾਲ ਨਜਿੱਠਣ ਲਈ ਸੰਘਰਸ਼ ਕਰ ਰਹੀ ਹੈ। ਇਹ ਦਸਤਾਵੇਜ਼ ਫ਼ੇਸਬੁੱਕ ਦੇ ਸਾਬਕਾ ਮੁਲਾਜ਼ਮ ਫ਼ਰਾਂਸਿਸ ਹੌਗਨ ਵਲੋਂ ਇਕੱਠੀ ਕੀਤੀ ਗਈ ਸਮੱਗਰੀ ਦਾ ਹਿੱਸਾ ਹਨ। ਇਸ ਮਾਮਲੇ ਵਿੱਚ ਕੰਪਨੀ ਖ਼ਿਲਾਫ਼ ਨਿੱਤਰਨ ਵਾਲੇ ਫ਼ਰਾਂਸਿਸ ਨੇ ਹਾਲ ਹੀ ਵਿੱਚ ਅਮਰੀਕੀ ਸੈਨੇਟ ਅੱਗੇ ਫ਼ੇਸਬੁੱਕ ਬਾਰੇ ਬਿਆਨ ਵੀ ਦਰਜ ਕਰਵਾਏ ਹਨ। ਫ਼ੇਸਬੁੱਕ ਦੇ ਅੰਦਰਲੇ ਦਸਤਾਵੇਜ਼ ਇਹ ਵੀ ਦੱਸਦੇ ਹਨ ਕਿ ਕੰਪਨੀ ਦੇ ਮਾਲਕ ਮਾਰਕ ਜ਼ੁਕਰਬਰਗ ਨੇ 'ਅਰਥ ਪੂਰਨ ਸਮਾਜਿਕ ਤਾਲਮੇਲ' ਲਈ ਇੱਕ ਯੋਜਨਾ ਵੀ ਬਣਾਈ ਸੀ ਪਰ ਇਸ ਨੇ ਹੋਰ ਵੀ ਵੱਧ ਗੁੰਮਰਾਹ ਕੀਤਾ, ਖਾਸ ਕਰ ਕੇ ਮਹਾਂਮਾਰੀ ਦੇ ਦੌਰ ਵਿੱਚ। ਫ਼ੇਸਬੁੱਕ ਦੀ ਰਿਪੋਰਟ ਦੇ ਹਵਾਲੇ ਨਾਲ 'ਨਿਊ ਯੌਰਕ ਟਾਈਮਜ਼' ਨੇ ਦੱਸਿਆ ਕਿ ਭਾਰਤ ਵਿੱਚ ਮਾਨਤਾ ਪ੍ਰਾਪਤ 22 ਭਾਸ਼ਾਵਾਂ ਵਿੱਚੋਂ ਕੇਵਲ 5 ਭਾਸ਼ਾਵਾਂ ਵਿੱਚ ਹੀ 'ਆਰਟੀਫ਼ੀਸ਼ੀਅਲ ਇੰਟੈਲੀਜੈਂਸ' ਦੇ ਆਧਾਰ ਉਤੇ ਸਮੱਗਰੀ ਦਾ ਵਿਸ਼ਲੇਸ਼ਣ ਕਰਨ ਦੀ ਸੁਵਿੱਧਾ ਹੈ ਪਰ ਇਸ ਵਿੱਚ ਹਿੰਦੀ ਤੇ ਬੰਗਲਾ ਭਾਸ਼ਾ ਅਜੇ ਤਕ ਸ਼ਾਮਲ ਨਹੀਂ ਹੈ। ਦਸਤਾਵੇਜ਼ਾਂ ਵਿੱਚ ਕਿਹਾ ਗਿਆ ਹੈ ਕਿ ਫ਼ੇਸਬੁੱਕ ਕੋਲ ਭਾਰਤ ਵਿੱਚ ਲੋੜੀਂਦੇ ਸਰੋਤ ਨਹੀਂ ਹਨ ਤੇ ਇਹ ਇੱਥੇ ਪੈਦਾ ਹੋ ਰਹੀਆਂ ਸਮੱਸਿਆਵਾਂ ਨਾਲ ਨਜਿੱਠਣ ਦੇ ਸਮਰੱਥ ਨਹੀਂ ਹੈ। ਇਨ੍ਹਾਂ ਸਮੱਸਿਆਵਾਂ ਵਿੱਚ ਮੁਸਲਮਾਨਾਂ ਵਿਰੋਧੀ ਪੋਸਟਾਂ ਵੀ ਸ਼ਾਮਲ ਹਨ। ਫ਼ੇਸਬੁੱਕ ਦੇ ਇੱਕ ਤਰਜ਼ਮਾਨ ਐਂਡੀ ਸਟੋਨ ਨੇ ਕਿਹਾ ਕੰਪਨੀ ਨੇ ਨਫ਼ਰਤੀ ਭਾਸ਼ਨਾਂ ਦੀ ਗਿਣਤੀ ਘਟਾ ਦਿੱਤੀ ਹੈ ਤੇ ਇਸ ਸਾਲ ਅੱਧੀ ਕਰ ਦਿੱਤੀ ਜਾਵੇਗੀ।

'ਫ਼ਰਜ਼ੀ ਅਕਾਊਂਟ ਤੇ ਬੋਟ ਚੋਣਾਂ ਨੂੰ ਵੀ ਕਰ ਰਹੇ ਨੇ ਪ੍ਰਭਾਵਿਤ'

'ਦਿ ਨਿਊ ਯੌਰਕ ਟਾਈਮਜ਼' ਦੀ ਖ਼ਬਰ ਮੁਤਾਬਕ ਫ਼ੇਸਬੁੱਕ ਦਸਤਾਵੇਜ਼ਾਂ ਵਿੱਚ ਉਹ ਰਿਪੋਰਟਾਂ ਵੀ ਹਨ ਕਿ ਜਿਨ੍ਹਾਂ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ 'ਦੇਸ਼ ਦੀ ਸੱਤਾਧਾਰੀ ਪਾਰਟੀ ਤੇ ਵਿਰੋਧੀ ਧਿਰ ਦੀਆਂ ਸ਼ਖ਼ਸੀਅਤਾਂ' ਨਾਲ ਜੁੜੇ ਫ਼ਰਜ਼ੀ ਖਾਤੇ ਤੇ ਬੋਟ ਆਮ ਚੋਣਾਂ 'ਤੇ ਜੋਰਦਾਰ ਢੰਗ ਨਾਲ ਭਾਰੂ ਪੈ ਰਹੇ ਹਨ। ਭਾਰਤ ਦੀਆਂ 2019 ਦੀਆਂ ਆਮ ਚੋਣਾਂ ਤੋਂ ਬਾਅਦ ਬਣਾਈ ਗਈ ਇੱਕ ਵੱਖਰੀ ਰਿਪੋਰਟ ਵਿੱਚ ਫ਼ੇਸਬੁੱਕ ਨੇ ਪਾਇਆ ਹੈ ਕਿ 'ਪੱਛਮੀ ਬੰਗਾਲ ਨਾਲ ਜੁੜੇ 40 ਪ੍ਰਤੀਸ਼ਤ ਤੋਂ ਵੱਧ ਟੌਪ ਵਿਊ ਜਾਂ ਇੰਪਰੈਸ਼ਨ ਫ਼ਰਜ਼ੀ ਸਨ'। ਅਜਿਹੇ ਹੀ ਇੱਕ ਨਕਲੀ ਅਕਾਊਂਟ ਉਤੇ ਤਿੰਨ ਕਰੋੜ ਤੋਂ ਵੱਧ ਇੰਪਰੈਸ਼ਨ ਹਨ। ਬਜਰੰਗ ਦਲ ਨੂੰ 'ਖ਼ਤਰਨਾਕ ਸੰਗਠਨ' ਕਰਾਰ ਦੇਣ ਬਾਰੇ ਸੋਚ ਰਿਹੈ ਫ਼ੇਸਬੁੱਕ- ਫ਼ੇਸਬੁੱਕ ਦੀ ਰਿਪੋਰਟ ਵਿੱਚ ਬਜਰੰਗ ਦਲ ਦਾ ਵੀ ਜ਼ਿਕਰ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸੰਗਠਨ ਅਜਿਹੀਆਂ ਪੋਸਟਾਂ ਪਾਉਂਦਾ ਹੈ ਜਿਸ ਨਾਲ ਮੁਸਲਮਾਨਾਂ ਵਿਰੋਧੀ ਬਿਰਤਾਂਤ ਘੜਿਆ ਜਾਂਦਾ ਹੈ। ਦਸਤਾਵਜ਼ ਦਿਖਾਉਂਦਾ ਹੈ ਕਿ 'ਫ਼ੇਸਬੁੱਕ ਬਜਰੰਗ ਦਲ ਨੂੰ ਖ਼ਤਰਨਾਕ ਸੰਗਠਨ ਕਰਾਰ ਦੇਣ ਬਾਰੇ ਸੋਚ ਰਿਹਾ ਹੈ ਕਿਉਂਕਿ ਇਹ ਪਲੈਟਫ਼ਾਰਮ ਉਤੇ ਧਰਮ ਦੇ ਨਾਂ 'ਤੇ ਹਿੰਸਾ ਭੜਕਾਉਂਦਾ ਹੈ, ਪਰ ਹਾਲੇ ਤੱਕ ਅਜਿਹਾ ਕੀਤਾ ਨਹੀਂ ਗਿਆ।'

## ਮੈਕਸੀਕੋ ਵਿੱਚ ਗੋਲੀ ਲੱਗਣ ਨਾਲ ਹਿਮਾਚਲ ਦੀ ਲੜਕੀ ਦੀ ਮੌਤ

ਲਾਸ ਏਂਜਲਸ-ਮੈਕਸੀਕੋ ਵਿੱਚ 2 ਡਰੱਗ ਗੈਂਗਾਂ ਵਿਚਾਲੇ ਚੱਲੀ ਗੋਲੀ 'ਚ ਭਾਰਤੀ ਮੂਲ ਦੀ ਇੱਕ 25 ਸਾਲਾ ਮਹਿਲਾ ਵੀ ਮਾਰੀ ਗਈ ਹੈ। ਘਟਨਾ ਪਿਛਲੇ ਬੁੱਧਵਾਰ ਰਾਤ ਨੂੰ ਵਾਪਰੀ ਸੀ ਤੇ ਕੈਲੇਫ਼ੋਰਨੀਆ ਰਹਿੰਦੀ 25 ਸਾਲਾ ਅੰਜਲੀ ਰਯੋਤ ਉੱਥੇ ਜਨਮ ਦਿਨ ਮਨਾਉਣ ਗਈ ਸੀ। ਇੱਕ ਰਿਜ਼ੌਰਟ ਵਿੱਚ ਚੱਲੀਆਂ ਗੋਲੀਆਂ ਨਾਲ ਦੋ ਵਿਦੇਸ਼ੀ ਸੈਲਾਨੀਆਂ ਦੀ ਮੌਤ ਹੋਈ ਹੈ। ਭਾਰਤੀ ਮੂਲ ਦੀ ਮਹਿਲਾ ਅਮਰੀਕਾ ਵਿੱਚ ਤਕਨੀਕੀ ਮਾਹਿਰ ਸੀ। ਜਰਮਨੀ ਦੇ ਇੱਕ ਨਾਗਰਿਕ ਦੀ ਵੀ ਮੌਤ ਹੋਈ ਹੈ। ਅੰਜਲੀ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਟਰੈਵਲ ਬਲੌਗ ਲਿਖਿਆ ਹੋਇਆ ਹੈ। ਉਹ ਹਿਮਾਚਲ ਪ੍ਰਦੇਸ਼ ਦੇ ਸੋਲਨ ਨਾਲ ਸਬੰਧਤ ਹੈ ਤੇ ਕੈਲੇਫ਼ੋਰਨੀਆ ਰਹਿ ਰਹੀ ਸੀ। ਅੰਜਲੀ ਲਿੰਕਡਇਨ ਨਾਲ ਕੰਮ ਕਰ ਰਹੀ ਸੀ ਤੇ ਇਸ ਤੋਂ ਪਹਿਲਾਂ ਯਾਹੂ ਨਾਲ ਕੰਮ ਕਰ ਚੁੱਕੀ ਸੀ। ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਦੇ ਯਤਨ ਜਾਰੀ ਹਨ। ਪਰਿਵਾਰ ਮੁਤਾਬਕ ਉਹ ਪਿਛਲੇ ਸਾਲ ਸੋਲਨ ਆਈ ਸੀ। ਅੰਜਲੀ ਤੇ ਉਸ ਦਾ ਪਤੀ 22 ਨੂੰ ਮੈਕਸਿਕੋ ਜਨਮ ਦਿਨ ਮਨਾਉਣ ਗਏ ਸਨ। ਮ੍ਰਿਤਕਾ ਦੇ ਪਿਤਾ ਸੂਬੇ ਦੇ ਪਸ਼ੂ ਪਾਲਣ ਵਿਭਾਗ ਵਿੱਚ ਡਾਇਰੈਕਟਰ ਰਹਿ ਚੁੱਕੇ ਹਨ। ਅੰਜਲੀ 2012 ਵਿੱਚ ਸਾਂਹੋਜੇ ਸਟੇਟ ਯੂਨੀਵਰਸਿਟੀ ਤੋਂ ਇਲੈਕਟ੍ਰੌਨਿਕਸ ਵਿੱਚ ਮਾਸਟਰਜ਼ ਕਰਨ ਗਈ ਸੀ।



## 85 ਸਾਲਾ ਬੇਬੇ ਨੇ ਕੀਤੀ 'ਗ੍ਰੈਜੂਏਸ਼ਨ', ਪੋਤੇ-ਪੋਤੀਆਂ ਨਾਲ ਮਨਾਇਆ ਜਸ਼ਨ

ਯੇਰੂਸ਼ਲਮ - ਕਿਸੇ ਨੇ ਠੀਕ ਹੀ ਕਿਹਾ ਹੈ ਕਿ ਸਿੱਖਣ ਅਤੇ ਪੜ੍ਹਨ ਦੀ ਕੋਈ ਉਮਰ ਨਹੀਂ ਹੁੰਦੀ। 85 ਸਾਲ ਦੀ ਜਿਹਾਦ ਭੁੱਟੋ ਨੇ ਇਹ ਗੱਲ ਸੱਚ ਸਾਬਤ ਕਰ ਦਿੱਤੀ ਹੈ। ਫ਼ਿਲਸਤੀਨ ਦੀ ਰਹਿਣ ਵਾਲੀ ਜਿਹਾਦ ਭੁੱਟੋ ਨੇ ਇਜ਼ਰਾਈਲ ਦੇ ਕਫ਼ਰ ਬਾਰਾ ਵਿੱਚ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ ਹੈ। ਉਨ੍ਹਾਂ ਨੇ ਇਹ ਡਿਗਰੀ 85 ਸਾਲ ਦੀ ਉਮਰ ਵਿੱਚ ਹਾਸਲ ਕੀਤੀ, ਜਿਸ ਨਾਲ ਉਨ੍ਹਾਂ ਦੇ ਬੱਚੇ ਅਤੇ ਪੋਤੇ-ਪਤੀਆਂ ਕਾਫ਼ੀ ਖੁਸ਼ ਹਨ। ਇਸ ਉਪਲਬੱਧੀ ਨਾਲ ਭੁੱਟੋ ਖੁਦ ਵੀ ਕਾਫ਼ੀ ਖੁਸ਼ ਹੈ ਕਿਉਂਕਿ ਬਚਪਨ ਵਿੱਚ ਉਨ੍ਹਾਂ ਨੂੰ 12 ਸਾਲ ਦੀ ਉਮਰ ਵਿੱਚ ਪੜ੍ਹਾਈ ਛੱਡਣ ਲਈ ਮਜਬੂਰ ਹੋਣਾ ਪਿਆ ਸੀ। ਭੁੱਟੋ ਨੇ 1948 ਵਿੱਚ ਸਕੂਲ ਛੱਡ ਦਿੱਤਾ ਸੀ ਜਿਸ ਦੇ ਬਾਅਦ 81 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਮੁੜ ਪੜ੍ਹਾਈ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਭੁੱਟੋ ਨੇ ਕਫ਼ਰ ਬਾਰਾ ਸੈਂਟਰ ਫ਼ੋਰ ਇਸਲਾਮਿਕ ਸਟੱਡੀਜ਼ ਵਿੱਚ ਭਾਸ਼ਾ, ਧਰਮ ਅਤੇ ਗਣਿਤ ਦੀ ਪੜ੍ਹਾਈ ਕੀਤੀ ਹੈ। ਆਪਣੀ 85 ਸਾਲ ਦੀ ਵਿਸ਼ੇਸ਼ ਵਿਦਿਆਰਥਣ ਨੂੰ ਡਿਗਰੀ ਦਿੰਦੇ ਹੋਏ ਸੈਂਟਰ ਵੀ ਬਹੁਤ ਖੁਸ਼ ਸੀ। ਜਿਹਾਦ ਭੁੱਟੋ ਨੇ ਕਿਹਾ ਕਿ ਸੈਂਟਰ ਵਿੱਚ ਸਾਰੇ ਜਾਣਦੇ ਸਨ ਕਿ ਮੈਨੂੰ ਪੜ੍ਹਨਾ ਕਿੰਨਾ ਪਸੰਦ ਹੈ। ਮੈਂ ਕੋਰਸ ਦੇ ਇਲਾਵਾ ਸਿਰਫ਼ ਦੂਜੀਆਂ ਕਿਤਾਬਾਂ ਪੜ੍ਹਦੀ ਸੀ। ਫ਼ਿਰ ਕਿਸੇ ਨੇ ਮੈਨੂੰ ਸੁਝਾਅ ਦਿੱਤਾ ਕਿ ਮੈਨੂੰ ਦਾਖਲਾ ਲੈਣਾ ਚਾਹੀਦਾ ਹੈ। ਇਸ 'ਤੇ ਮੈਂ ਤੁਰੰਤ ਹਾਂ ਕਹਿ ਦਿੱਤੀ। ਭੁੱਟੋ ਸੱਤ ਬੱਚਿਆਂ ਦੀ ਮਾਂ ਹੈ ਅਤੇ ਪੂਰੀ ਦੁਨੀਆਂ ਵਿੱਚ ਔਰਤਾਂ ਲਈ ਇੱਕ ਮਿਸਾਲ ਬਣ ਚੁੱਕੀ ਹੈ। ਉਨ੍ਹਾਂ ਨੇ ਦੱਸਿਆ ਕਿ ਉਸ ਦੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਲੋਕਾਂ ਨੇ ਸੈਂਟਰ ਦੇ ਡੀਨ ਨੂੰ ਪੁੱਛਿਆ ਕੀ ਹੋਰ ਵਿਦਿਆਰਥੀ ਭੁੱਟੋ ਦੀ ਮਦਦ ਕਰਦੇ ਸਨ। ਡੀਨ ਨੇ ਕਿਹਾ ਕਿ ਭੁੱਟੋ ਖੁਦ ਵੱਖ -ਵੱਖ ਵਿਸ਼ਿਆਂ 'ਤੇ ਵਿਦਿਆਰਥੀਆਂ ਦੀ ਮਦਦ ਕਰਦੀ ਸੀ। ਭੁੱਟੋ ਲਗਾਤਾਰ ਸਿੱਖਿਆ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ ਅਤੇ ਔਰਤਾਂ ਨੂੰ ਸਿੱਖਿਆ ਦੇ ਪ੍ਰਤੀ ਜਾਗਰੂਕ ਕਰ ਰਹੀ ਹੈ। ਇਜ਼ਰਾਈਲ ਦੀ ਕਾਫ਼ਰ ਬਾਰਾ ਇੱਕ ਕੌਂਸਲ ਹੈ ਜੋ ਅਰਬ ਬਹੁ-ਗਿਣਤੀ ਕੇਂਦਰੀ ਜ਼ਿਲ੍ਹੇ ਵਿੱਚ ਸਥਿਤ ਹੈ।



## ਡੇਟਿੰਗ ਲਈ ਬਜ਼ੁਰਗ ਅਮੀਰ ਮਰਦ ਦੀ ਭਾਲ 'ਚ ਬੇਟੀ, ਵੈੱਬਸਾਈਟ 'ਤੇ ਮਿਲ ਗਏ ਆਪਣੇ ਹੀ ਪਿਤਾ !

ਵਾਸ਼ਿੰਗਟਨ - 22 ਸਾਲਾ ਏਵਾ ਲੁਈਸ ਨਾਲ ਅਜੀਬੋ-ਗਰੀਬ ਘਟਨਾ ਵਾਪਰੀ, ਜਿਸ ਨੂੰ ਵੇਖ ਕੇ ਉਹ ਦੰਗ ਰਹਿ ਗਈ। ਹੋਇਆ ਇੰਜ ਕੇ ਏਵਾ ਲੁਈਸ ਸ਼ੂਗਰ ਡੈਡੀ ਡੇਟਿੰਗ ਵੈੱਬਸਾਈਟ ਤੇ ਆਪਣੇ ਲਈ ਅਮੀਰ ਬਜ਼ੁਰਗ ਮਰਦ ਦੀ ਭਾਲ ਸੀ, ਉਦੋਂ ਉਸ ਦੇ ਸਾਹਮਣੇ ਉਸ ਦੇ ਆਪਣੇ ਪਿਤਾ ਦੀ ਪ੍ਰੋਫ਼ਾਈਲ ਆ ਗਈ ਅਤੇ ਉਹ ਹੈਰਾਨ ਰਹਿ ਗਈ। ਟਿਕ-ਟੌਕ 'ਤੇ ਆਪਣੇ ਨਾਲ ਹੋਇਆ ਇਹ ਵਾਕਿਆ ਸ਼ੇਅਰ ਕਰਦੇ ਹੋਏ ਏਵਾ ਲੁਈਸ ਨੇ ਦੱਸਿਆ ਕਿ ਕਿਵੇਂ ਡੇਟਿੰਗ ਵੈੱਬਸਾਈਟ 'ਤੇ ਉਸ ਦੇ ਨਾਲ ਇਹ ਅਜੀਬ ਵਾਕਿਆ ਹੋਇਆ। ਉਸ ਨੇ ਟਿਕ-ਟੌਕ ਵੀਡੀਓ 'ਚ ਦੱਸਿਆ ਕਿ ਇਹ ਬੇਹੱਦ ਪ੍ਰੇਸ਼ਾਨ ਕਰਨ ਵਾਲਾ ਅਨੁਭਵ ਸੀ। ਏਵਾ ਦੱਸਦੀ ਹੈ ਕਿ ਉਹ ਖ਼ੁਦ ਅਮੀਰ ਮਰਦਾਂ ਨੂੰ ਡੇਟ ਕਰਨ ਵਾਲੀ ਇਸ ਵੈੱਬਸਾਈਟ ਨੂੰ ਚਲਾਉਂਦੀ ਹੈ। ਤਾਂਕਿ ਉਸ ਨੂੰ ਮਹਿੰਗੇ ਗਿਫ਼ਟ ਮਿਲ ਸਕਣ, ਪਰ ਉਸ ਨੂੰ ਇਹ ਉਮੀਦ ਨਹੀਂ ਸੀ ਕਿ ਇੱਥੇ ਉਸ ਦੇ ਪਿਤਾ ਉਸ ਨੂੰ ਮਿਲ ਜਾਣਗੇ, ਇਹ ਹੈਰਾਨ ਕਰਨ ਵਾਲਾ ਖਰਾਬ ਤਜਰਬਾ ਸੀ। ਵਿਦੇਸ਼ 'ਚ ਬਜ਼ੁਰਗ ਅਮੀਰ ਮਰਦ ਆਪਣੇ ਤੋਂ ਛੋਟੀ ਉਮਰ ਦੀਆਂ ਲੜਕੀਆਂ ਨੂੰ ਡੇਟ ਕਰਨ ਦਾ ਸ਼ੌਕ ਰੱਖਦੇ ਹਨ ਅਤੇ ਇਸ ਲਈ ਬਕਾਇਦਾ ਵੈੱਬਸਾਈਟਸ ਵੀ ਬਣਾਈ ਗਈ ਹੈ। ਬੁੱਢੇ ਮਰਦ ਅਤੇ ਘੱਟ ਉਮਰ ਦੀਆਂ ਲੜਕੀਆ ਵਿੱਚਕਾਰ ਡੇਟਿੰਗ ਰਿਲੇਸ਼ਨ ਨੂੰ ਹੀ ਸ਼ੂਗਰ ਡੈਡੀ ਡੇਟਿੰਗ ਕਹਿੰਦੇ ਹਨ। ਲੜਕੀਆਂ ਅਜਿਹੇ ਰਿਸ਼ਤਿਆਂ 'ਚ ਮਹਿੰਗੇ



ਗਿਫ਼ਟ ਅਤੇ ਚੰਗੀ ਜ਼ਿੰਦਗੀ ਜਿਊਣ ਲਈ ਆਉਂਦੀਆਂ ਹਨ। ਏਵਾ ਲੁਈਸ ਵੀ ਇਸੇ ਮਕਸਦ ਨਾਲ ਇਸ ਡੇਟਿੰਗ ਵੈੱਬਸਾਈਟ ਦੀ ਵਰਤੋਂ ਕਰਦੀ ਹੈ। ਇੱਥੇ ਆਪਣੇ ਪਿਤਾ ਦੀ ਪ੍ਰੋਫ਼ਾਈਲ ਦੇਖਣ ਤੋਂ ਬਾਅਦ ਏਵਾ ਨੇ ਉਸ ਨੂੰ 'ਹੀ ਡੈਡੀ' ਦਾ ਮੈਸੇਜ ਵੀ ਭੇਜਿਆ, ਜਿਸ ਦੇ ਬਦਲੇ ਉਸ ਨੇ ਏਵਾ ਨੂੰ ਬਲੌਕ ਕਰ ਦਿੱਤਾ ਅਤੇ ਇਸ ਬਾਰੇ ਕਦੇ ਗੱਲ ਵੀ ਨਹੀਂ ਕੀਤੀ। ਲੜਕੀ ਨੇ ਆਪਣੀ ਮਾਂ ਨੂੰ ਵੀ ਇਸ ਬਾਰੇ ਦੱਸਿਆ, ਤਾਂ ਉਸ ਨੇ ਦੱਸਿਆ ਕਿ ਡੈਡੀ ਉਸ ਲਈ ਮਹਿੰਗੀ ਬ੍ਰੈਸਲੈਟ ਲੈ ਕੇ ਆਏ ਹਨ। ਏਵਾ ਦੇ ਸ਼ੇਅਰ ਕੀਤੇ ਗਏ ਇਸ ਵੀਡੀਓ ਨੂੰ ਹੁਣ ਤਕ ਲੱਖਾਂ ਲੋਕ ਵੇਖ ਚੁੱਕੇ ਹਨ। ਕੁਝ ਲੋਕਾਂ ਨੇ ਉਸ ਦੀ ਸਥਿਤੀ 'ਤੇ ਹਮਦਰਦੀ ਪ੍ਰਗਟਾਈ ਤਾਂ ਕਈਆਂ ਨੇ ਆਪਣੇ ਨਾਲ ਹੋਏ ਵਾਕਿਆ ਵੀ ਸ਼ੇਅਰ ਕੀਤੇ। ਇੱਕ ਯੂਜ਼ਰ ਨੇ ਦੱਸਿਆ ਕਿ ਉਸ ਨੂੰ ਅਜਿਹੀ ਵੈੱਬਸਾਈਟ 'ਤੇ ਉਸ ਦੇ ਮਤਰੇਏ ਚਾਚਾ ਮਿਲੇ ਸਨ, ਤਾਂ ਕਿਸੇ ਨੇ ਦੱਸਿਆ ਕਿ ਉਸ ਨੂੰ ਆਪਣੇ ਸਕੂਲ ਟੀਚਰ ਮਿਲ ਗਏ ਸਨ। ਏਵਾ ਪਹਿਲਾਂ ਵੀ ਸ਼ੂਗਰ ਡੈਡੀ ਵੈੱਬਸਾਈਟ ਨੂੰ ਲੈ ਕੇ ਆਪਣੇ ਤਜਰਬਿਆਂ ਦੇ ਚਲਦੇ ਚਰਚਾ 'ਚ ਰਹਿ ਚੁੱਕੀ ਹੈ। ਸੰਨ 2019 'ਚ ਵਾਈਸ ਚੈਨਲ ਨਾਲ ਗੱਲ ਕਰਦੇ ਏਵਾ ਨੇ ਦੱਸਿਆ ਸੀ ਕਿ ਕਾਲਜ ਤੋਂ ਹੀ ਉਹ ਅਜਿਹੀ ਵੈੱਬਸਾਈਟ 'ਤੇ ਹੈ। ਉਹ ਸਿਰਫ਼ ਅਜਿਹੀ ਡੇਟਸ ਨੂੰ ਅਹਿਮੀਅਤ ਦੇ ਕੇ ਉਨ੍ਹਾਂ ਨੂੰ ਖ਼ੁਸ਼ ਕਰਦੀ ਹੈ, ਜਦੋਂਕਿ ਕਿਸੇ ਤਰ੍ਹਾਂ ਦੇ ਫ਼ਿਜ਼ੀਕਲ ਰਿਲੇਸ਼ਨ 'ਚ ਨਹੀਂ ਜਾਂਦੀ।

# ਅਜੈ ਮਿਸ਼ਰਾ ਦੀ ਤੁਰੰਤ ਗ੍ਰਿਫ਼ਤਾਰੀ ਲਈ ਕਿਸਾਨਾਂ ਵੱਲੋਂ ਰੋਸ ਮੁਜ਼ਾਹਰੇ




ਬਰਖਾਸਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਹ ਅੰਦੋਲਨ ਜਾਰੀ ਰਹੇਗਾ। ਸੂਬੇ 'ਚ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਬੇਮੌਸਮੇ ਮੀਂਹ ਕਾਰਨ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਗੁਲਾਬੀ ਸੁੰਡੀ ਨੇ ਪੂਰੀ ਫ਼ਸਲ ਬਰਬਾਦ ਕਰ ਦਿੱਤੀ ਹੈ। ਇਸ ਲਈ ਵਿਸ਼ੇਸ਼ ਰਾਹਤ ਪੈਕੇਜ ਜਾਰੀ ਕੀਤਾ ਜਾਣਾ ਚਾਹੀਦਾ ਹੈ। ਬੇਮੌਸਮੇ ਮੀਂਹ ਅਤੇ ਗੜੇਮਾਰੀ ਕਾਰਨ ਮੌਸਮ 'ਚ ਅਚਾਨਕ ਤਬਦੀਲੀ ਆ ਗਈ ਹੈ ਜਿਸ ਲਈ ਝੋਨਾ-ਖ਼ਰੀਦ ਦੇ ਮਾਪਦੰਡ ਨਰਮ ਕੀਤੇ ਜਾਣ। ਆਗੂਆਂ ਨੇ ਕਿਹਾ ਕਿ 11 ਮਹੀਨਿਆਂ ਦੌਰਾਨ 750 ਦੇ ਕਰੀਬ ਕਿਸਾਨ ਸ਼ਹੀਦ ਹੋ ਚੁੱਕੇ ਹਨ, ਪਰ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਥਾਂ ਖੇਤੀ ਕਾਨੂੰਨਾਂ ਦੇ ਗੁਣ ਗਾ ਰਹੀ ਹੈ। ਦੂਜੇ ਪਾਸੇ ਦਿੱਲੀ ਬਾਰਡਰ 'ਤੇ ਚੱਲ ਰਹੇ ਕਿਸਾਨ ਧਰਨਿਆਂ ਦੀ ਮਜ਼ਬੂਤੀ ਲਈ ਸੂਬੇ ਵਿੱਚੋਂ ਵੱਡੀ ਗਿਣਤੀ 'ਚ ਕਾਫ਼ਲੇ ਦਿੱਲੀ ਲਈ ਰਵਾਨਾ ਹੋਏ।

## ਮੰਗਾਂ ਮੰਨੇ ਜਾਣ ਤੱਕ ਅੰਦੋਲਨ ਜਾਰੀ ਰਹੇਗਾ: ਟਿਕੈਤ

ਨਵੀਂ ਦਿੱਲੀ: ਬੀਕੇਯੂ ਆਗੂ ਰਾਕੇਸ਼ ਟਿਕੈਤ ਨੇ ਮੋਦੀ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕੀ ਦੇਸ਼ ਵਿਚ ਕਿਮ ਜੋਂਗ ਉਨ ਦੀ ਸਰਕਾਰ ਹੈ ਜੋ ਕਿਸਾਨਾਂ ਨਾਲ ਗੱਲ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਸ਼ਹੀਦ ਹੋਏ ਕਿਸਾਨਾਂ ਲਈ ਇੱਕ ਸ਼ਬਦ ਤੱਕ ਨਹੀਂ ਬੋਲਿਆ। ਕਿਸਾਨਾਂ ਨੇ ਉਨ੍ਹਾਂ ਨੂੰ ਵੋਟ ਦਿੱਤੀ ਸੀ ਤੇ ਪ੍ਰਧਾਨ ਮੰਤਰੀ ਉਹ ਕਿਸਾਨਾਂ ਦੇ ਵੀ ਹਨ। ਮੀਡੀਆ ਨਾਲ ਗੱਲ ਕਰਦਿਆਂ ਟਿਕੈਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਤੋਂ ਬਿਆਨ ਦਿਵਾ ਦਿੱਤਾ ਜਾਵੇ ਕਿ ਉਹ ਕਿਸਾਨਾਂ ਦੇ ਪ੍ਰਧਾਨ ਮੰਤਰੀ ਨਹੀਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਲੋਕਤੰਤਰਿਕ ਤਰੀਕੇ ਨਾਲ ਚੁਣੀ ਹੋਈ ਸਰਕਾਰ ਹੈ ਜੋ ਸਭ ਦੀ ਹੈ। ਉਨ੍ਹਾਂ ਕਿਹਾ ਕਿ 700 ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਪ੍ਰਧਾਨ ਮੰਤਰੀ ਨਹੀਂ ਬੋਲੇ। ਰਾਸ਼ਟਰੀ ਰਾਜਧਾਨੀ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨ ਅੰਦੋਲਨ ਨੂੰ 11 ਮਹੀਨੇ ਬੀਤ ਚੁੱਕੇ ਹਨ ਪਰ ਸਰਕਾਰ ਤੇ ਕਿਸਾਨ ਨੇਤਾਵਾਂ ਵਿਚਾਲੇ ਗੱਲਬਾਤ 'ਚ ਖੜੋਤ ਅਜੇ ਵੀ ਬਣੀ ਹੋਈ ਹੈ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਸਰਕਾਰ ਹੱਠਧਰਮੀ ਕਰਦੀ ਰਹੀ ਤਾਂ ਕਿਸਾਨ ਵੀ ਆਪਣੀਆਂ ਮੰਗਾਂ ਤੋਂ ਪਿੱਛੇ ਨਹੀਂ ਹਟਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਫ਼ਸਲਾਂ ਤਬਾਹ ਹੋ ਗਈਆਂ ਹਨ ਪਰ ਸਰਕਾਰ ਵੱਲੋਂ ਕੋਈ ਸਹਿਯੋਗ ਨਹੀਂ ਦਿੱਤਾ ਗਿਆ। ਬੇਮੌਸਮੀ ਬਾਰਿਸ਼ ਕਾਰਨ ਕਿਸਾਨਾਂ 'ਤੇ ਮਾੜਾ ਅਸਰ ਪੈ ਰਿਹਾ ਹੈ। ਅੰਦੋਲਨ ਖ਼ਤਮ ਕਰਨ ਦੀ ਗੱਲ ਕਰਦੇ ਹੋਏ ਰਾਕੇਸ਼ ਟਿਕੈਤ ਨੇ ਕਿਹਾ, 'ਅਸੀਂ ਸਰਕਾਰ ਨਾਲ ਗੱਲਬਾਤ ਦੀ ਉਡੀਕ ਕਰ ਰਹੇ ਹਾਂ। ਸਰਕਾਰ ਗੱਲ ਕਰੇ ਤਾਂ ਕਿਸਾਨ ਵੀ ਘਰਾਂ ਨੂੰ ਜਾਣ ਵਾਲੇ ਹੋਣ। ਜੇਕਰ ਸਰਕਾਰ ਗੱਲਬਾਤ ਨਹੀਂ ਕਰਦੀ, ਅੰਦੋਲਨ ਦਾ ਹੱਲ ਨਹੀਂ ਕੱਢਦੀ ਤਾਂ ਅਸੀਂ ਪਿੱਛੇ ਨਹੀਂ ਹਟਾਂਗੇ।'








# ਭਾਰਤ ਸਰਕਾਰ ਦੀਆਂ ਆਰਥਿਕ ਨੀਤੀਆਂ ਕਾਰਨ ਅਮੀਰ ਅਤੇ ਗਰੀਬ ਵਿਚਾਲੇ ਹੋਰ ਪਾੜਾ ਵਧਿਆ

ਲੇਖਕ : ਨਰਿੰਦਰ ਸਿੰਘ ਜ਼ੀਰਾ




ਆਰਥਿਕ ਸੁਧਾਰਾਂ ਤਹਿਤ 1991 ਤੋਂ ਲਾਗੂ ਕੀਤੀਆਂ ਆਰਥਿਕ ਨੀਤੀਆਂ ਕਾਰਨ ਭਾਰਤ ਵਿਚ ਆਮਦਨ ਅਤੇ ਦੌਲਤ ਦੀ ਅਸਾਵੀਂ ਵੰਡ ਤੇਜ਼ੀ ਨਾਲ ਵਧੀ ਹੈ, ਜਿਸ ਕਾਰਨ ਅਮੀਰਾਂ ਤੇ ਗਰੀਬਾਂ ਵਿਚਕਾਰ ਪਾੜਾ ਹੋਰ ਗਹਿਰਾ ਹੋ ਗਿਆ ਹੈ ਅਤੇ ਲਗਾਤਾਰ ਹੋ ਰਿਹਾ ਹੈ। ਪਹਿਲਾਂ ਮੁਲਕ ਵਿਚ ਦੋ ਤਿੰਨ ਅਰਬਪਤੀ ਸਨ। ਪਰ ਹੁਣ ਅਰਬਪਤੀਆਂ ਦੀ ਗਿਣਤੀ 140 ਦੇ ਨੇੜੇ ਤੇੜੇ ਪਹੁੰਚ ਗਈ ਹੈ। ਇਨ੍ਹਾਂ ਅਰਬਪਤੀਆਂ ਦੀ ਧਨ ਦੌਲਤ ਪਹਿਲਾਂ ਨਾਲੋਂ ਕਈ ਗੁਣਾ ਵੱਧ ਹੋ ਗਈ ਹੈ। ਭਾਰਤ ਇਸ ਮਾਮਲੇ ਵਿਚ ਅਮਰੀਕਾ ਤੇ ਚੀਨ ਤੋਂ ਬਾਅਦ ਤੀਜੇ ਸਥਾਨ ਤੇ ਹੈ। ਜਦਕਿ ਦੁਨੀਆਂ ਦੀ ਕੁਲ ਆਬਾਦੀ ਦਾ 17 ਫੀਸਦੀ ਹਿੱਸਾ ਭਾਰਤ ਵਿਚ ਵਸਦਾ ਹੈ। ਦੁਨੀਆਂ ਭਰ ਦੇ ਆਰਥਿਕ ਮਾਹਿਰ ਮੰਨਦੇ ਹਨ ਕਿ ਬਹੁਤ ਜ਼ਿਆਦਾ ਆਰਥਿਕ ਨਾ ਬਰਾਬਰੀ ਕਿਸੇ ਵੀ ਜਮਹੂਰੀ ਮੁਲਕ ਵਿਚ ਸਿਆਸੀ, ਆਰਥਿਕ ਅਤੇ ਸਮਾਜਿਕ ਸਥਿਰਤਾ ਲਈ ਵੱਡਾ ਖ਼ਤਰਾ ਹੁੰਦੀਆਂ ਹਨ। ਜੁਲਾਈ 1991 ਵਿਚ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਣ ਤੋਂ ਬਾਅਦ ਧਨ ਦੌਲਤ ਦੀ ਅਸਾਵੀ ਵੰਡ ਦੀ ਰਫ਼ਤਾਰ ਨੇ ਤੇਜੀ ਫੜ ਲਈ। ਦਰ ਅਸਲ ਆਰਥਿਕ ਸੁਧਾਰਾਂ ਦੇ ਨਾਮ ਤੇ ਸ਼ੁਰੂ ਕੀਤੀਆਂ ਨਵੀਆਂ ਆਰਥਿਕ ਤੇ ਸਨਅਤੀ ਨੀਤੀਆਂ ਜਨਤਕ ਖੇਤਰ ਦੀ ਭੂਮਿਕਾ ਘਟਾਉਣ ਅਤੇ ਨਿੱਜੀ ਖੇਤਰ ਦੀ ਸਹਾਇਤਾ ਤੇ ਸਹਿਯੋਗ ਵਧਾਉਣ ਵਾਲੀਆਂ ਸਨ। ਸੰਨ 2001-02 ਵਿਚ ਮੁਲਕ ਭਰ ਵਿੱਚ ਇਕ ਫੀਸਦੀ ਅਰਬਪਤੀਆਂ ਦਾ ਧਨ ਦੌਲਤ ਵਿੱਚ ਹਿੱਸਾ 24 ਫੀਸਦੀ ਤੋਂ ਵੱਧ ਹੋ ਗਿਆ ਸੀ। ਇਵੇਂ ਹੀ ਇਹ ਹਿੱਸਾ 2011-12 ਵਿਚ 31 ਫੀਸਦੀ ਦੇ ਨੇੜੇ ਅਤੇ 2019-20 ਵਿਚ ਹੋਰ ਤੇਜ਼ੀ ਨਾਲ ਵਧਕੇ 43 ਫੀਸਦੀ ਦੇ ਆਸ-ਪਾਸ ਚਲਾ ਗਿਆ। ਆਮਦਨ ਬਰਾਬਰ ਕਰਨ ਲਈ ਕਈ ਢੰਗ ਤਰੀਕੇ ਵਰਤੇ ਗਏ। ਪਰ ਆਮਦਨ ਵਿਚ ਨਾਬਾਰਬਰੀ ਲਗਾਤਾਰ ਵਧਦੀ ਗਈ। 1939-40 ਵਿਚ ਭਾਰਤ ਦੀ ਇਕ ਫੀਸਦੀ ਵਸੋਂ ਕੋਲ ਮੁਲਕ ਦੇ ਧਨ ਦਾ 20.7 ਫੀਸਦੀ ਹਿੱਸਾ ਸੀ ਪਰ ਹੁਣ ਇਕ ਫੀਸਦੀ ਵਸੋਂ ਕੋਲ ਮੁਲਕ ਦੇ ਕੁਲ ਧਨ ਦਾ 58.46 ਫੀਸਦੀ ਹਿੱਸਾ ਹੈ ਅਤੇ 10 ਫੀਸਦੀ ਲੋਕਾਂ ਕੋਲ ਮੁਲਕ ਦਾ 80.7 ਫੀਸਦੀ ਧਨ ਹੈ। ਵਰਤਮਾਨ ਪ੍ਰਣਾਲੀ ਵਿਚ ਧਨ ਅਤੇ ਆਮਦਨ ਨਾਬਰਾਬਰੀ ਲਗਾਤਾਰ ਵਧ ਰਹੀ ਹੈ ਜਿਸ ਨਾਲ ਗਰੀਬੀ ਅਤੇ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ। ਇਹ ਗਰੀਬੀ ਅਤੇ ਬੇਰੁਜ਼ਗਾਰੀ ਦਾ ਵੱਡਾ ਕਾਰਨ ਹੈ।

ਕੌਮੀ ਨਾਮੂਨਾ ਸਰਵੇਖਣ ਅਨੁਸਾਰ 10 ਫੀਸਦੀ ਲੋਕਾਂ ਕੋਲ ਦੇਸ਼ ਦੀ ਕੁਲ ਸੰਪਤੀ ਦਾ 50 ਫੀਸਦੀ ਹਿੱਸਾ ਹੈ ਜਦਕਿ ਦੇਸ਼ ਦੇ ਸਭ ਤੋਂ ਗਰੀਬ 50 ਫੀਸਦੀ ਲੋਕਾਂ ਕੋਲ ਦੇਸ਼ ਦੀ ਕੁਲ ਸੰਪਤੀ ਦਾ ਸਿਰਫ 10 ਫੀਸਦੀ ਜਾਇਦਾਦ ਹੈ। ਸਰਵੇ ਮੁਤਾਬਿਕ ਸ਼ਹਿਰਾਂ ਵਿਚ ਕੁਲ ਮਿਲਾ ਕੇ 274.6 ਲੱਖ ਕਰੋੜ ਰੁਪਏ ਦੀ ਜਾਇਦਾਦ ਹੈ। ਇਸ ਜਾਇਦਾਦ ਵਿੱਚੋਂ 130.6 ਲੱਖ ਕਰੋੜ ਰੁਪਏ ਦੀ ਕੁਲ ਜਾਇਦਾਦ 10 ਫੀਸਦੀ ਅਮੀਰਾਂ ਕੋਲ ਹੈ। ਪਿੰਡਾਂ ਵਿਚ 238.1 ਲੱਖ ਕਰੋੜ ਰੁਪਏ ਦੀ ਕੁਲ ਜਾਇਦਾਦ ਵਿੱਚੋਂ ਵੀ 132.5 ਲੱਖ ਕਰੋੜ ਰੁਪਏ ਦੀ ਜਾਇਦਾਦ 10 ਫੀਸਦੀ ਅਮੀਰਾਂ ਕੋਲ ਹੈ। ਪਿੰਡਾਂ ਵਿਚ ਸਭ ਤੋਂ ਗਰੀਬ 50 ਫੀਸਦੀ ਲੋਕਾਂ ਕੋਲ 10.2 ਫੀਸਦੀ ਅਤੇ ਸ਼ਹਿਰਾਂ ਵਿਚ ਸਭ ਤੋਂ ਗਰੀਬ ਲੋਕਾਂ ਕੋਲ 6.2 ਫੀਸਦੀ ਜਾਇਦਾਦ ਹੈ। ਕੋਰੋਨਾ ਮਹਾਂਮਾਰੀ ਕਾਰਨ ਦੁਨੀਆਂ ਭਾਰ ਦੀ ਅਰਥ ਵਿਵਸਥਾ ਦਾ ਮੰਦਾ ਹਾਲ ਹੋ ਗਿਆ ਹੈ। ਕੋਰੋਨਾ ਮਹਾਂਮਾਰੀ ਕਾਰਨ ਕਰੋੜਾਂ ਲੋਕ ਬੇਰੁਜ਼ਗਾਰ ਹੋ ਗਏ ਹਨ। ਪਰ ਇਸ ਸਮੇਂ ਭਾਰਤ ਵਿਚ ਅਰਬਤਪਤੀਆਂ ਦੀ ਗਿਣਤੀ ਪੰਜ ਗੁਣਾ ਤੋਂ ਵੱਧ ਹੋ ਗਈ ਹੈ। ਮੁਲਕ ਵਿਚ ਆਰਥਿਕ ਮਾਰ ਨੂੰ ਘਟਾਉਣ ਲਈ ਬਹੁਤ ਸਾਰੇ ਪੈਕੇਜ਼ ਐਲਾਨੇ ਗਏ। ਪਰ ਇਨ੍ਹਾਂ ਸਾਰੇ ਪੈਕਜ਼ਾਂ ਦਾ ਲਾਭ ਵੱਡੇ ਘਰਾਣਿਆਂ ਨੂੰ ਹੀ ਹੋਇਆ ਹੈ। ਜਦਕਿ ਕੋਰੋਨਾ ਮਹਾਂਮਾਰੀ ਦੀ ਆਰਥਿਕ ਮਾਰ ਨਾਲ ਝੰਬੇ ਮਜ਼ਦੂਰ ਤੇ ਛੋਟੇ ਦੁਕਾਨਦਾਰ ਅੱਜੇ ਤੱਕ ਵੀ ਤਾਬ ਨਹੀਂ ਆਏ। ਇਸ ਤੋਂ ਪਤਾ ਲਗਦਾ ਹੈ ਕਿ ਅਮੀਰ ਤੇ ਗਰੀਬ ਵਿਚਾਲੇ ਪਾੜਾ ਕਿੰਨਾ ਵਧ ਗਿਆ ਹੈ।2021 ਦੀ ਫੋਰਬਸ ਦੀ ਰਿਪੋਰਟ ਮੁਤਾਬਿਕ ਮਕੇਸ਼ ਅੰਬਾਨੀ ਦੀ ਕੁਲ ਦੌਲਤ ਇਸ ਸਮੇਂ ਤਕਰੀਨ 84.5 ਬਿਲੀਅਨ ਅਮਰੀਕੀ ਡਾਲਰ ਹੈ। ਅਤੇ ਇਹ ਭਾਰਤ ਦਾ ਸਭ ਤੋਂ ਅਮੀਰ ਵਿਅਕਤੀ ਹੈ। ਔਕਸਫੈਮ ਦੇ ਇਕ ਅਧਿਐਨ ਮੁਤਾਬਿਕ ਦੇਸ਼ ਵਿਚ ਹਰ ਸਾਲ ਪੈਦਾ ਹੋਣ ਵਾਲੀ ਦੌਲਤ ਦਾ 73 ਫੀਸਦੀ ਹਿੱਸਾ ਇਕ ਫੀਸਦੀ ਅਮੀਰਾਂ ਕੋਲ ਪਹੁੰਚ ਜਾਂਦਾ ਹੈ। ਇਸ ਨਾਲ ਦੇਸ਼ ਵਿਚ ਆਮਦਨ ਅਤੇ ਦੌਲਤ ਕੁਝ ਲੋਕਾਂ ਪਾਸ ਇਕੱਠੀ ਹੁੰਦੀ ਜਾ ਰਹੀ ਹੈ। ਹੁਰਨ ਗਲੋਬਲ ਰਿਚ ਲਿਸਟ ਇੰਡੀਆ ਮੁਤਾਬਿਕ 2018 ਵਿਚ ਦੇਸ਼ ਵਿਚ 831 ਵੱਡੇ ਅਮੀਰ ਸਨ, ਜਿਨ੍ਹਾਂ ਦੀ ਦੌਲਤ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਸੀ। ਇਹ ਵੱਡੇ ਅਮੀਰ ਦੇਸ਼ ਦੀ ਕੁਲ ਆਮਦਨ ਦੇ 25 ਫੀਸਦੀ ਉੱਪਰ ਕਾਬਜ਼ ਹੋ ਗਏ ਹਨ। ਦੇਸ਼ ਦੀ 77 ਫੀਸਦੀ ਵਸੋਂ ਗਰੀਬ ਅਤੇ ਕੰਮਜ਼ੋਰ ਵਰਗ ਦੇ ਲੋਕਾਂ ਦੀ ਹੈ। ਗਰੀਬ ਨੂੰ ਨਾ ਤਾਂ ਰੱਜ ਕੇ ਰੋਟੀ ਮਿਲਦੀ ਹੈ ਅਤੇ ਨਾ ਹੀ ਉਨ੍ਹਾਂ ਦੇ ਬੱਚਿਆਂ ਵਾਸਤੇ ਵਿੱਦਿਆ ਦਾ ਪ੍ਰਬੰਧ ਹੈ। ਇਨ੍ਹਾਂ ਪਰਿਵਾਰਾਂ ਦੇ ਜੀਅ ਬਿਮਾਰੀਆਂ ਨਾਲ ਮਰ ਰਹੇ ਹਨ। ਗਰੀਬ ਪਰਿਵਾਰ ਦੇ ਮੈਂਬਰ ਬੇਰੁਜ਼ਗਾਰੀ ਦੇ ਮਾਰੇ ਦਰ ਦਰ ਦੀਆਂ ਠੋਕਰਾਂ ਖਾਣ ਨੂੰ ਮਜ਼ਬੂਰ ਹਨ। ਅਮੀਰ ਅਤੇ ਗਰੀਬ ਲੋਕਾਂ ਵਿਚ ਪਾੜਾ ਵਧਦਾ ਜਾ ਰਿਹਾ ਹੈ।

ਗਰੀਬੀ, ਬੇਰੁਜ਼ਗਾਰੀ ਅਤੇ ਆਮਦਨ ਨਾਬਰਾਬਰੀ ਤਿੰਨੇ ਤੱਤ ਆਪਸ ਵਿਚ ਜੁੜੇ ਹੋਏ ਹਨ। ਜਦੋਂ ਬੁਰੁਜ਼ਗਾਰੀ ਹੋਵੇਗੀ, ਉਦੋਂ ਗਰੀਬੀ ਹੋਵੇਗੀ। ਗਰੀਬੀ ਅਤੇ ਬੇਰੁਜ਼ਗਾਰੀ ਦੋਵੇਂ ਆਮਦਨ ਨਾਬਰਾਬਰੀ ‘ਤੇ ਅਧਾਰਤ ਹਨ। ਬੇਰੁਜ਼ਗਾਰੀ ਆਪਣੇ ਆਪ ਆਮਦਨ ਨਾਬਰਾਬਰੀ ‘ਤੇ ਅਧਾਰਤ ਹੈ। ਬੇਰੁਜ਼ਗਾਰੀ ਦਾ ਸਭ ਤੋਂ ਵੱਡਾ ਕਾਰਨ ਆਮਦਨ ਨਾਬਰਾਬਰੀ ਹੈ। ਜੇਕਰ ਇਕ ਤਰਫ ਬਹੁਤ ਵੱਡੀ ਗਿਣਤੀ ਵਿਚ ਗਰੀਬ ਵਸੋਂ ਹੋਵੇਗੀ ਤੇ ਦੂਸਰੀ ਤਰਫ ਥੋੜ੍ਹੀ ਜਿਹੀ ਗਿਣਤੀ ਵਿਚ ਅਮੀਰ ਲੋਕ ਹੋਣਗੇ, ਉਦੋਂ ਪ੍ਰਭਾਵੀ ਮੰਗ ਘੱਟ ਜਾਵੇਗੀ। ਅਮੀਰ ਲੋਕ ਬਹੁਤ ਸਾਰੇ ਪੈਸੇ ਬਚਾ ਲੈਂਦੇ ਹਨ। ਕਿਉਂਕਿ ਉਨ੍ਹਾਂ ਦੀਆਂ ਲੋੜਾਂ ਥੋੜੇ ਜਿਹੇ ਪੈਸਿਆਂ ਨਾਲ ਪੂਰੀਆਂ ਹੋ ਜਾਂਦੀਆਂ ਹਨ। ਜਦੋਂ ਸਾਰੇ ਪੈਸੇ ਖਰਚ ਨਹੀਂ ਹੁੰਦੇ ਤਾਂ ਬਹੁਤ ਸਾਰਾ ਸਮਾਨ ਵਿਕਣੋ ਰਹਿ ਜਾਂਦਾ ਹੈ ਤੇ ਹੋਰ ਸਮਾਨ ਬਣਾਉਣ ਦੀ ਲੋੜ ਨਹੀਂ ਪੈਂਦੀ। ਪਹਿਲਾਂ ਸਮਾਨ ਜਮ੍ਹਾਂ ਹੋਣ ਕਾਰਨ ਕਈ ਕਿਰਤੀਆਂ ਦੀ ਛੁੱਟੀ ਕਰਨੀ ਪੈਂਦੀ ਹੈ। ਨਵੇਂ ਕਿਰਤੀ ਲਾਏ ਨਹੀਂ ਜਾਂਦੇ ਜਿਸ ਕਾਰਨ ਰੁਜ਼ਗਾਰ ਦਾ ਪੱਧਰ ਪਹਿਲਾਂ ਤੋਂ ਵੀ ਘਟ ਜਾਂਦਾ ਹੈ ਤੇ ਗਰੀਬੀ ਪਹਿਲਾਂ ਤੋਂ ਵੀ ਵਧ ਜਾਦੀ ਹੈ। ਰੁਜ਼ਗਾਰ ਇਸ ਕਰਕੇ ਨਹੀਂ ਵਧਦਾ ਕਿਉਕਿ ਪਹਿਲੀਆਂ ਵਸਤੂਆਂ ਵਿੱਕੀਆਂ ਨਹੀਂ ਹੁੰਦੀਆਂ ਅਤੇ ਨਵੀਆਂ ਬਣਾਉਣ ਦੀ ਲੋੜ ਨਹੀਂ ਪੈਂਦੀ। ਇਸੇ ਕਾਰਨ ਰੁਜ਼ਗਾਰ ਨਹੀਂ ਵਧਦਾ ਸਗੋਂ ਗਰੀਬੀ ਹੋਰ ਵਧਦੀ ਜਾਂਦੀ ਹੈ। ਇਸ ਤਰ੍ਹਾਂ ਗਰੀਬੀ ਅਤੇ ਬੇਰੁਜ਼ਗਾਰੀ ਦਾ ਚੱਕਰ ਚਲਦਾ ਰਹਿੰਦਾ ਹੈ।ਦੁਨੀਆਂ ਦੀ ਭੁੱਖਮਰੀ ਸੂਚੀ ਹੰਗਰ ਇਨਡੈਕਸ ਵਿਚ ਭਾਰਤ ਦਾ 102ਵਾਂ ਨੰਬਰ ਹੈ। ਦੇਸ਼ ਅੰਦਰ 35 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਆ ਚੁੱਕੇ ਹਨ। ਮੁਲਕ ਭਰ ਵਿੱਚ ਗਰਭਕਾਲ ਵਿੱਚ ਰਹਿ ਰਹੀਆਂ 15 ਤੋਂ 49 ਸਾਲ ਦੀ ਉਮਰ ਦੀਆਂ ਔਰਤਾਂ ਵਿੱਚੋਂ 51.4 ਫੀਸਦੀ ਖ਼ੂਨ ਦੀ ਘਾਟ ਦਾ ਸ਼ਿਕਾਰ ਹਨ। ਭਾਵ ਉਨ੍ਹਾਂ ਦਾ ਹੀਮੋਗਲੋਬਨ 10 ਗ੍ਰਾਮ ਤੋਂ ਘੱਟ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚੋਂ ਆਪਣੀ ਉਮਰ ਮੁਤਾਬਿਕ ਘੱਟ ਕੱਦ ਵਾਲੇ ਤਕਰੀਬਨ 33 ਫੀਸਦੀ ਬੱਚੇ ਭਾਰਤ ਵਿਚ ਹਨ। ਇਸੇ ਤਰ੍ਹਾਂ 16 ਫੀਸਦੀ ਬੱਚੇ ਮੋਟੇ ਹਨ। 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਵਿਚ ਵੀ ਮੋਟਾਪਾ 5.1 ਫੀਸਦੀ ਹੈ। ਨਤੀਜੇ ਵਜੋਂ ਉਹ ਲੋਕ ਸ਼ੂਗਰ ਰੋਗ ਅਤੇ ਦਿਲ ਦੀਆਂ ਬਿਮਾਰੀਆਂ ਦੇ ਮਰੀਜ਼ ਬਣਦੇ ਜਾ ਰਹੇ ਹਨ। ਭਾਰਤ ਵਿੱਚ 14 ਫੀਸਦੀ ਅੱਲ੍ਹੜ ਤੇ ਨੌਜਵਾਨ ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਨਾਲ ਜੂਝ ਰਹੇ ਹਨ। ਭਾਰਤ ਵਿੱਚ 15 ਤੋਂ 24 ਸਾਲ ਤੱਕ ਦਾ ਹਰ 7ਵਾਂ ਅੱਲ੍ਹੜ ਤੇ ਨੌਜਵਾਨ ਤਣਾਅ ਤੋਂ ਗ੍ਰਸਤ ਹੈ।ਮੁਲਕ ਵਿੱਚਪਾਣੀ ਦੀ ਉਪਲਬਧਤਾ ਘਟ ਰਹੀ ਹੈ। ਮੁਲਕ ਭਰ ਵਿੱਚ ਪਾਣੀ ਦੇ ਸਰੋਤ 70 ਫੀਸਦੀ ਤਕ ਪ੍ਰਦੂਸ਼ਿਤ ਹੋ ਚੁੱਕੇ ਹਨ ਅਤੇ ਇਹ ਪਾਣੀ ਵਰਤਣ ਯੋਗ ਹੀ ਨਹੀਂ ਹੈ। ਸ਼ੁਧ ਪਾਣੀ ਦੀ ਉਪਲਬਧਤਾ ਦੇ ਮਾਮਲੇ ਵਿਚ 122 ਦੇਸ਼ਾਂ ਦੇ ਸਮੂਹ ਵਿਚ ਭਾਰਤ ਹੇਠਲੇ ਤਿੰਨ ਦੇਸ਼ਾਂ ਵਿਚ ਹੈ। ਜਦਕਿ ਪਾਣੀ ਅਮੁੱਲ ਹੈ ਅਤੇ ਪਾਣੀ ਹੀ ਜੀਵਨ ਹੈ। ਇਸ ਤੋਂ ਇਲਾਵਾ ਵਾਤਾਵਰਣ ਤਬਦੀਲੀ ਆਲਮੀ ਤਪਸ ਆਦਿ ਨੇ ਲੋਕਾਂ ਲਈ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਹਨ। ਹਜ਼ਾਰਾਂ ਮੌਤਾਂ ਇਨ੍ਹਾਂ ਮੌਸਮੀ ਤਬਦੀਲੀਆਂ ਕਾਰਨ ਹੋ ਰਹੀਆਂ ਹਨ। ਮਹਿੰਗਾਈ ਲਗਾਤਾਰ ਵਧ ਰਹੀ ਹੈ। ਅੱਜਕਲ੍ਹ ਸਾਰੀਆਂ ਚੀਜ਼ਾਂ ਦੇ ਭਾਅ ਵਧ ਰਹੇ ਹਨ। ਡੀਜ਼ਲ, ਪੈਟਰੋਲ, ਘਰੇਲੂ ਗੈਸ ਅਤੇ ਰੋਜ਼ ਮਰ੍ਹਾ ਦੀਆਂ ਹੋਰ ਚੀਜ਼ਾ ਜਿਵੇਂ ਦਾਲਾਂ, ਸਬਜ਼ੀਆਂ, ਆਟਾ, ਦਵਾਈਆਂ ਆਦਿ ਮਹਿੰਗੀਆਂ ਹੋ ਰਹੀਆਂ ਹਨ। ਅੱਜਕਲ੍ਹ ਗਰੀਬਾਂ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਭੁੱਖੇ ਦੇਸ਼ ਦੇ ਲੋਕ ਵਿਦੇਸ਼ਾਂ ਦੇ ਗੁਲਾਮ ਬਣ ਜਾਂਦੇ ਹਨ। ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਵਸਤਾਂ ਦੀ ਢੋਆ-ਢੁਆਈ ਵਿਚ ਵਾਧਾ ਕਰ ਦਿੰਦਾ ਹੈ, ਜਿਸ ਨਾਲ ਹਰ ਨਾਗਰਿਕ ਘੱਟ ਜਾ ਵੱਧ ਪ੍ਰਭਾਵਿਤ ਹੁੰਦਾ ਹੈ। ਰਸੋਈ ਵਿਚ ਵਰਤੇ ਜਾਣ ਵਾਲੇ ਤੇਲਾਂ ਦੇ ਭਾਅ ਵਿਚ ਵੀ ਇਸ ਸਾਲ 50 ਤੋਂ 60 ਫੀਸਦੀ ਵਾਧਾ ਹੋ ਚੁੱਕਾ ਹੈ। ਰਸੋਈ ਗੈਸ ਦਾ 14.6 ਕਿਲੋਗ੍ਰਾਮ ਦਾ ਸਿਲੰਡਰ ਹੁਣ ਇਕ ਹਜ਼ਾਰ ਰੁਪਏ ਦੇ ਨੇੜੇ ਤੇੜੇ ਹੈ। ਭਾਰਤ ਦੋਵੇਂ ਤਰ੍ਹਾਂ ਦਾ ਤੇਲ ਵੱਡੀ ਮਾਤਰਾ ਵਿਚ ਦਰਾਮਦ ਕਰਦਾ ਹੈ। ਕੇਂਦਰ ਅਤੇ ਪ੍ਰਾਂਤਕ ਸਰਕਾਰਾਂ ਇਨ੍ਹਾਂ ਉਤੇ ਵੱਡੇ ਕਰ ਲਾ ਕੇ ਲੋਕਾਂ ਦਾ ਨਿਰੰਤਰ ਤੇਲ ਕੱਢਦੀਆਂ ਹਨ। ਅਜਿਹੀ ਵਿਵਸਥਾ ਵਿਚ ਭਾਰਤੀ ਲੋਕਾਂ ਅਤੇ ਵਿਸ਼ੇਸ਼ ਕਰਕੇ ਹੇਠਲੀ 60 ਫੀਸਦੀ ਵਸੋਂ ਨੂੰ ਕਈ ਸਮੱਸਿਆਵਾਂ ਦਰਪੇਸ਼ ਹਨ। ਦੇਸ਼ ਦੀ ਲਗਭਗ 90 ਫੀਸਦੀ ਵਸੋਂ ਲਈ ਜ਼ਿੰਦਗੀ ਹੋਰ ਕਠਿਨ ਪ੍ਰਤੀਤ ਹੋ ਰਹੀ ਹੈ। ਕਰੀਬ 8 ਕਰੋੜ ਬੱਚੇ ਮਜ਼ਦੂਰੀ ਕਰਨ ਲਈ ਮਜ਼ਬੂਰ ਹਨ, ਭਾਵੇਂ ਬਾਲ ਮਜ਼ਦੂਰੀ ਜ਼ੁਰਮ ਹੈ। ਇਹ ਸਭ ਆਮਦਨ ਨਾ ਬਰਾਬਰੀ ਦਾ ਨਤੀਜਾ ਹੈ।ਅਸਲ ਵਿਚ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਦੇਸ਼ ਦੀਆਂ ਬੁਨਿਆਦੀ ਸਮੱਸਿਆਵਾਂ ਭੁੱਖਮਰੀ, ਗਰੀਬੀ, ਅਨਪੜ੍ਹਤਾ ਅਤੇ ਸਿਹਤ ਤੇ ਸਿੱਖਿਆ ਦੀਆਂ ਸਹੂਲਤਾਂ ਦੀ ਭਾਰੀ ਘਾਟ ਦੇ ਹੱਲ ਵੱਲ ਧਿਆਨ ਹੀ ਨਹੀਂ ਦਿੱਤਾ ਅਤੇ ਨਾ ਹੀ ਇਨ੍ਹਾਂ ਬੁਨਿਆਦੀ ਸਮੱਸਿਆਵਾਂ ਨੂੰ ਖਤਮ ਕਰਨ ਲਈ ਕੋਈ ਠੋਸ ਯੋਜਨਾ ਪੇਸ਼ ਕੀਤੀ ਹੈ। ਆਮ ਹਾਲਤ ਵਿੱਚ ਸਰਕਾਰਾਂ ਬੁਨਿਆਦੀ ਸਮੱਸਿਆਵਾਂ ਨੂੰ ਕੁਝ ਇਸ ਕਦਰ ਹੱਲ ਕਰਨ ਦਾ ਯਤਨ ਕਰਦੀਆਂ ਹਨ ਕਿ ਇਹ ਲਟਦੀਆਂ ਹੀ ਰਹਿੰਦੀਆਂ ਹਨ ਅਤੇ ਕਈ ਵਾਰ ਹੋਰ ਵੀ ਗੰਭੀਰ ਰੂਪ ਧਾਰ ਲੈਂਦੀਆਂ ਹਨ। ਪਿਛਲੇ ਢਾਈ ਤਿੰਨ ਦਹਾਕਿਆ ਤੋਂ ਭਾਰਤ ਵਿੱਚ ਜੋ ਨੀਤੀਆਂ ਚੱਲ ਰਹੀਆਂ ਹਨ, ਉਨ੍ਹਾਂ ਨੇ ਇਨ੍ਹਾਂ ਸਮੱਸਿਆਵਾਂ ਨੂੰ ਹੋਰ ਡੂੰਘਾ ਹੀ ਕੀਤਾ ਹੈ। ਇਨ੍ਹਾਂ ਨੀਤੀਆਂ ਨੇ ਅਮੀਰ ਅਤੇ ਗਰੀਬ ਦਰਮਿਆਨ ਪਾੜੇ ਨੂੰ ਹੋਰ ਡੂੰਘਾ ਅਤੇ ਭਿਆਨਕ ਬਣਾ ਦਿੱਤਾ ਹੈ। ਇਹ ਨੀਤੀਆਂ ਕੌਮੀ ਆਮਦਨ ਦੀ ਕਾਣੀ ਵੰਡ ਦਾ ਮੁੱਖ ਸਰੋਤ ਬਣ ਚੁੱਕੀਆਂ ਹਨ ਕਿਉਕਿ ਇਨ੍ਹਾਂ ਦੁਆਰਾ ਤਮਾਮ ਜਾਇਦਾਦਾਂ ਤੇ ਵਿੱਤੀ ਸਰੋਤ ਆਮ ਲੋਕਾਂ ਤੋਂ ਖੋਹ ਕੇ ਅਮੀਰ ਤਬਕੇ ਨੂੰ ਦਿੰਤੇ ਗਏ ਹਨ।ਭਾਵੇਂ ਗਰੀਬੀ, ਭੁੱਖਮਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ ਆਦਿ ਸਾਰੇ ਵਿਕਾਸਸ਼ੀਲ ਦੇਸ਼ਾਂ ਦੀ ਸਮੱਸਿਆ ਹੈ। ਭਾਰਤ ਵਿਚ ਗਰੀਬੀ ਦਾ ਕਾਰਨ ਬੇਰੁਜ਼ਗਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ ਅਤੇ ਸਹੀ ਨੀਤੀਆਂ ਦੀ ਕਮੀ ਹੈ। ਸੋਨੇ ਦੀ ਚਿੜੀ ਸਮਝੇ ਜਾਂਦੇ ਇਸ ਦੇਸ਼ ਨੂੰ ਇੱਥੋਂ ਦੇ ਭ੍ਰਿਸ਼ਟ ਹਾਕਮਾਂ ਨੇ ਨੋਚ ਨੋਚ ਕੇ ਖਾ ਲਿਆ ਹੈ। ਭ੍ਰਿਸ਼ਟਾਚਾਰ ਕਾਰਨ ਦੇਸ਼ ਦਾ ਅਰਬਾਂ ਰੁਪਇਆ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਪਿਆ ਹੈ ਤੇ ਹੁਣ ਵੀ ਜਮ੍ਹਾਂ ਹੋ ਰਿਹਾ ਹੈ। ਗਰੀਬ ਲੋਕਾਂ ਦਾ ਨਾ ਸਰੀਰਕ ਵਿਕਾਸ ਹੋ ਰਿਹਾ ਹੈ ਅਤੇ ਨਾ ਹੀ ਮਾਨਸਿਕ। ਗਰੀਬ ਲੋਕ ਸਾਰੀ ਉਮਰ ਰੋਜ਼ੀ ਰੋਟੀ ਲਈ ਖਪਦੇ ਮਰ ਜਾਂਦੇ ਹਨ। ਇਨ੍ਹਾਂ ਦੇ ਛੋਟੇ ਛੋਟੇ ਬੱਚੇ ਪੜ੍ਹਨ ਲਿਖਣ ਤੇ ਖੇਡਣ ਮਲਣ ਦੀ ਉਮਰ ਵਿਚ ਬਾਲ ਮਜ਼ਦੂਰੀ ਕਰਦੇ ਹਨ।

ਅੱਜ ਵੀ ਲੋਕਾਂ ਸਾਹਮਣੇ ਰੋਜ਼ੀ ਰੋਟੀ, ਰੁਜ਼ਗਾਰ, ਰਹਿਣ ਲਈ ਛੱਤ, ਸਿੱਖਿਆ, ਜ਼ੁਲਮ ਦਾ ਸ਼ਿਕਾਰ ਹੋਣ ਤੇ ਇਨਸਾਫ ਨਾ ਮਿਲਣ ਆਦਿ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਖੜ੍ਹਆਂ ਹਨ। ਹੱਕ ਮੰਗਣ ਵਾਲੇ ਕਿਰਤੀਆਂ ਨੂੰ ਅੱਤਵਾਦੀ, ਖਾਲਿਸਤਾਨੀ ਆਦਿ ਤਰ੍ਹਾਂ ਤਰ੍ਹਾਂ ਦੇ ਦੋਸ਼ ਲਗਾਏ ਜਾਂਦੇ ਹਨ। ਰੁਜ਼ਗਾਰ ਤੇ ਇਨਸਾਫ ਮੰਗਣ ਵਾਲਿਆਂ ਨੂੰ ਡਾਂਗਾ ਨਾਲ ਨਿਵਾਜਿਆ ਜਾਂਦਾ ਹੈ। ਲੋਕ ਰਾਜ ਕਾਇਮ ਰੱਖਣ ਦੀ ਬਜਾਏ ਦੇਸ਼ ਨੂੰ ਕਾਰਪੋਰੇਟਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਭ੍ਰਿਸ਼ਟਾਚਾਰ, ਕਾਲਾਬਜ਼ਾਰੀ, ਰਿਸ਼ਵਤਖੋਰੀ, ਬੇਰੁਜ਼ਗਾਰੀ, ਅਨਪੜ੍ਹਤਾ, ਭਾਈ ਭਤੀਜਾਵਾਦ ਆਦਿ ਸਮਾਜਿਕ ਬਿਮਾਰੀਆਂ ਵਿੱਚ ਘਿਰੇ ਲੋਕ ਘੁਟਣ ਮਹਿਸੂਸ ਕਰਦੇ ਹੋਏ ਆਪਣੇ ਆਪ ਨੂੰ ਗੁਲਾਮ ਮਹਿਸੂਸ ਕਰ ਰਹੇ ਹਨ। ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਦਾ ਵਰਤਾਰਾ ਨਿਰਵਿਘਨ ਜਾਰੀ ਹੈ। ਕਿਸਾਨਾਂ, ਮਜ਼ਦੂਰਾਂ ਆਦਿ ਸਮੂਹ ਕਿਰਤੀਆਂ ਦੀ ਮਿਹਨਤ ਦਾ ਪੂਰਾ ਮੁੱਲ ਪਾ ਦੇਸ਼ ਵਾਸੀਆਂ ਨੂੰ ਖੁਸ਼ਹਾਲ ਜੀਵਨ ਦੇਣ ਦੀ ਬਜਾਏ ਜੁਲਮ ਢਾਹ ਕੇ ਕਾਰਪੋਰੇਟਾਂ ਦੇ ਢਿੱਡ ਭਰੇ ਜਾ ਰਹੇ ਹਨ।

ਹੁਣ ਨਿੱਜੀਕਰਨ ਦਾ ਜਾਲ ਵਿਛਾਇਆ ਜਾ ਰਿਹਾ ਹੈ। ਸਰਕਾਰ ਜਾਇਦਾਦ ਵੇਚਣ ਵਿੱਚ ਜੁਟ ਗਈ ਹੈ। ਦੇਸ਼ ਨੇ ਪਿਛਲੇ 70 ਸਾਲਾਂ ਵਿੱਚ ਜੋ ਕਮਾਇਆ ਹੈ, ਉਸ ਸੰਮਤੀ ਨੂੰ ਉਹ ਧਨਾਢਾਂ ਦੇ ਹਵਾਲੇ ਕਰ ਰਹੀ ਹੈ। ਇਸ ਨਾਲ ਨੌਜਵਾਨਾਂ ਦਾ ਭਵਿੱਖ ਤਬਾਹ ਹੋ ਜਾਵੇਗਾ। ਦੇਸ਼ ਵਿਚ ਸੁਧਾਰਾਂ ਲਈ ਅਤੇ ਬੁਨਿਆਦੀ ਢਾਂਚੇ ਦੀ ਮਜਬੂਤੀ ਲਈ ਸਰਕਾਰ ਨੇ ਧਨ ਹਾਸਲ ਕਰਨ ਲਈ ਗਲਤ ਰਸਤਾ ਚੁਣਿਆ ਹੈ। ਅਜਿਹੀ ਵਿਵਸਥਾ ਨਾਲ ਰੁਜ਼ਗਾਰ ਦੇ ਅਵਸਰ ਖਤਮ ਹੋ ਜਾਣਗੇ। ਵਿੱਤ ਮੰਤਰੀ ਸੀਤਾ ਰਮਨ ਦੇ ਮੁਤਾਬਿਕ ਸਰਕਾਰ ਕੌਮੀ ਮੋਨੀਟਾਰੀਜੇਸ਼ਨ ਪਾਈਪਲਾਈਨ ਯੋਜਨਾ ਰਾਹੀਂ ਇਨ੍ਹਾਂ ਸੰਮਤੀਆਂ ਨੂੰ ਪਟੇ ਤੇ ਦੇ ਰਹੀ ਹੈ ਜਿਸ ਨਾਲ 6 ਲੱਖ ਕਰੋੜ ਰੁਪਏ ਕਮਾਏ ਜਾਣਗੇ। ਹਰ ਪੱਧਰ ‘ਤੇ ਫੈਲਾਇਆ ਜਾ ਰਿਹਾ ਨਿੱਜੀਕਰਨ ਸਮਾਜਿਕ ਸਰੋਕਾਰਾਂ ਵਾਲਾ ਨਹੀਂ ਹੋ ਸਕਦਾ।



# ਡੇਰਾਵਾਦ ਬਣਿਆ

## ਪੰਜਾਬ ਲਈ ਕੋਹੜ

ਪੰਜਾਬ ਵਿੱਚ ਦਿਨੋਂ-ਦਿਨ ਵਧ ਰਹੇ ਡੇਰਾਵਾਦ ਨੇ ਜਿਹੜੀ ਤਸਵੀਰ ਸਮਾਜ ਦੀ ਬਣਾਈ ਹੈ, ਉਸ ਤੋਂ ਇੰਝ ਲੱਗਦਾ ਹੈ ਜਿਵੇਂ ਸਮਾਜ 21ਵੀਂ ਸਦੀ ਵਿੱਚ ਮਾਨਸਿਕ ਤੌਰ 'ਤੇ ਇੰਨਾ ਬਿਮਾਰ ਹੋ ਗਿਆ ਹੈ ਕਿ ਉਸ ਦਾ ਆਪਣੇ ਆਪ ਤੋਂ ਭਰੋਸਾ ਚੱਕਿਆ ਗਿਆ ਹੈ। ਇਸੇ ਕਰਕੇ ਉਹ ਇਨ੍ਹਾਂ ਡੇਰਿਆਂ ਦੀ ਸ਼ਰਨ ਵਿੱਚ ਪੁੱਜ ਗਿਆ ਹੈ। ਪੰਜਾਬ ਵਿੱਚ ਇਸ ਸਮੇਂ 12368 ਪਿੰਡ ਹਨ ਤੇ ਅਬਾਦੀ 3 ਕਰੋੜ। 117 ਵਿਧਾਨ ਸਭਾ ਤੇ 13 ਲੋਕ ਸਭਾ ਦੀਆਂ ਸੀਟਾਂ ਲਈ 1 ਕਰੋੜ 76 ਲੱਖ, 83 ਹਜ਼ਾਰ 22 ਵੋਟਰ ਹਨ। ਸਾਖ਼ਰਤਾ ਦਰ 15ਵੇਂ ਤੋਂ 22ਵੇਂ ਥਾਂ ਤਕ ਪੁੱਜ ਗਈ ਹੈ। ਅਨਪੜ੍ਹਤਾ ਦੇ ਕਾਰਨ ਇਸ ਸਮੇਂ ਪੰਜਾਬ 20ਵੇਂ ਸਥਾਨ 'ਤੇ ਹੈ ਤੇ ਪੰਜਾਬ ਵਿੱਚ 2200 ਦੇ ਕਰੀਬ ਡੇਰੇ ਮੌਜੂਦ ਹਨ। ਇਨ੍ਹਾਂ ਵਿੱਚੋਂ ਦਰਜਨ ਦੇ ਕਰੀਬ ਅਜਿਹੇ ਡੇਰੇ ਹਨ, ਜਿਨ੍ਹਾਂ ਦੇ ਲੱਖਾਂ ਸ਼ਰਧਾਲੂ ਹਨ। ਡੇਰਿਆਂ ਦੇ ਸੰਚਾਲਕ ਜਦੋਂ ਵੀ ਚੋਣਾਂ ਆਉਂਦੀਆਂ ਹਨ ਤਾਂ ਉਹ ਕਿਸੇ ਨਾ ਕਿਸੇ ਰਾਜਸੀ ਪਾਰਟੀ ਦੀ ਹਿਮਾਇਤ ਕਰਦੇ ਹਨ ਤੇ ਉਨ੍ਹਾਂ ਦੇ ਸ਼ਰਧਾਲੂ ਅੱਖਾਂ ਮੀਚ ਕੇ ਆਪਣੇ ਸੰਚਾਲਕ ਦਾ ਹੁਕਮ ਵਜਾਉਂਦੇ ਹਨ।

ਪਿਛਲੇ ਸਮਿਆਂ ਵਿੱਚ ਪੰਜਾਬ ਵਿੱਚ ਸੌਦਾ ਸਾਧ ਦਾ ਡੇਰਾ ਚਰਚਾ ਵਿੱਚ ਰਿਹਾ ਹੈ। ਉਸ ਨੇ ਜਿਸ ਤਰ੍ਹਾਂ ਸਿੱਖ ਧਰਮ ਦੀਆਂ ਮਾਣਮੱਤੀਆਂ ਰਿਵਾਇਤਾਂ ਦੀਆਂ ਧੱਜੀਆਂ ਉਡਾਈਆਂ ਹਨ, ਇਹ ਤਾਂ ਜੱਗ ਦੇ ਸਾਹਮਣੇ ਹਨ ਪਰ ਜਿਸ ਤਰ੍ਹਾਂ ਸਿੱਖਾਂ ਦੇ ਸਰਵ ਉੱਚ ਤਖ਼ਤ ਸ਼੍ਰੀ ਅਕਾਲ ਤਖ਼ਤ ਸਾਹਿਬ ਨੇ ਜਿਸ ਤਰ੍ਹਾਂ ਦੀ 'ਸਿਆਸੀ' ਨੀਤੀ ਅਪਣਾਈ ਹੈ, ਇਸ ਨੇ ਸਿੱਖਾਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਹੈ। ਤਖ਼ਤ ਦੀ 'ਮਰ ਜਾਓ ਚਿੜੀਓ, ਜਿਓਂ ਪਓ ਚਿੜੀਓ' ਵਾਲੀ ਵਿਚਾਰਧਾਰਾ ਨੇ ਸਿੱਖਾਂ ਨੂੰ ਖੇਮਿਆਂ ਵਿੱਚ ਵੰਡ ਦਿੱਤਾ ਹੈ, ਕਿਉਂਕਿ ਪੰਜਾਬ ਦੇ ਸਿੱਖ ਤਖ਼ਤਾਂ ਉੱਤੇ ਬਾਦਲਕਿਆਂ ਦਾ ਕਬਜ਼ਾ ਹੈ। ਉਹ ਤਖ਼ਤਾਂ ਨੂੰ ਆਪਣੇ ਸਿਆਸੀ ਮਨਸੂਬਿਆਂ ਅਨੁਸਾਰ ਵਰਤਦੇ ਰਹਿੰਦੇ ਹਨ। ਪਿਛਲੀ ਵਾਰ ਚੋਣਾਂ ਵਿੱਚ ਸਰਸੇ ਵਾਲੇ ਸੌਦਾ ਸਾਧ ਅਤੇ ਪੰਜਾਬ ਦੇ ਸੰਤ ਸਮਾਜ ਨੇ ਬਾਦਲਕਿਆਂ ਦਾ ਪੱਖ ਪੂਰਿਆ। ਉਸ ਤੋਂ ਵੀ ਇਹ ਪਤਾ ਲੱਗ ਗਿਆ ਹੈ ਕਿ ਜਿਹੜੇ ਸੰਤ ਸੰਗਤਾਂ ਨੂੰ ਧੁਰ ਦਰਗਾਹ ਦਾ ਰਸਤਾ ਦੱਸਦੇ ਹਨ, ਉਹ ਬਾਦਲਾਂ ਦੇ ਖੁਦ ਪਿਛਲੱਗ ਹਨ।

ਆ ਰਹੀਆਂ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨੇ ਜਿਸ ਤਰ੍ਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਰਮਾਂ ਦੀ ਬੇਅਦਬੀ ਨੂੰ ਲੈ ਕੇ ਜਿਸ ਤਰ੍ਹਾਂ ਦਾ ਪੰਜਾਬ ਦੇ ਵਿੱਚ ਮਾਹੌਲ ਸਿਰਜਿਆ ਹੈ ਉਸ ਤੋਂ ਇੰਝ ਲੱਗਦਾ ਹੈ ਕਿ ਪੰਜਾਬ ਦੇ ਲੋਕ ਹੁਣ ਡੇਰਿਆਂ ਦੇ ਮੁਖੀਆਂ ਅਤੇ ਸਿਆਸੀ ਆਗੂਆਂ ਦੇ 'ਗੋਲੇ' ਨਹੀਂ ਪਰ ਪੰਜਾਬ ਦੇ ਚਿੰਤਨਸ਼ੀਨ ਲੋਕਾਂ ਲਈ ਇਹ ਜ਼ਰੂਰ ਖੋਜ ਦਾ ਵਿਸ਼ਾ ਹੈ ਕਿ ਡੇਰਾਵਾਦ ਦਿਨੋਂ ਦਿਨ ਕਿਉਂ ਪ੍ਰਫੁਲਿਤ ਹੋ ਰਿਹਾ ਹੈ।

ਦੂਜੇ ਪਾਸੇ ਇਨ੍ਹਾਂ ਸਾਧਾਂ ਦੇ ਡੇਰਿਆਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਖ਼ਾਮੋਸ਼ੀ ਨੇ ਚਿੰਤਨਸ਼ੀਲ ਵਿਅਕਤੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਪ੍ਰੰਤੂ ਅਜਿਹੇ 'ਸੱਜਣ ਪੁਰਸ਼ਾਂ' ਨੂੰ ਦੁਖੀ ਹੋਣਾ ਚਾਹੀਦਾ ਹੈ, ਉਹ ਹਰ ਮੁਸੀਬਤ ਵੇਲੇ 'ਪੰਥ' ਖ਼ਤਰੇ ਵਿੱਚ ਹੈ' ਦਾ ਨਾਅਰਾ ਲਾ ਕੇ ਪੰਜਾਬ ਦੀ ਭੋਲੀ-ਭਾਲੀ ਜਨਤਾ ਨੂੰ ਮੌਤ ਦੇ ਮੂੰਹ ਵੱਲ ਧੱਕਦੇ ਹਨ।

ਜੇਕਰ ਦੇਖਿਆ ਜਾਵੇ ਤਾਂ ਅੱਤਵਾਦ ਦੇ ਪਤਨ ਤੋਂ ਬਾਅਦ ਡੇਰਿਆਂ ਵਿੱਚ ਵਿਆਪਕ ਪੱਧਰ ਉੱਪਰ ਵਾਧਾ ਹੋਇਆ ਹੈ। ਇਹ ਵਾਧਾ ਕਿਉਂ ਹੋਇਆ ? ਇਸਦੇ ਦੋ ਹੀ ਕਾਰਨ ਉੱਭਰਵੇਂ ਰੂਪ ਵਿੱਚ ਸਾਹਮਣੇ ਆਏ ਹਨ। ਪਹਿਲਾ ਇਸ ਭੋਗਵਾਦੀ ਤੇ ਖਪਤਵਾਦੀ ਦੌਰ ਵਿੱਚ ਵੱਧ ਤੋਂ ਵੱਧ ਪੂੰਜੀ ਪ੍ਰਾਪਤ ਕਰਨ ਦੀ ਹਵਸ ਅਤੇ ਦੂਜਾ ਕਾਰਨ ਧਰਮ ਵਿੱਚ ਆਈ ਖੜੋਤ, ਜਿਸ ਨੇ ਨਾਨਕ ਨਾਮ ਲੇਵਾ ਲੋਕਾਂ ਨੂੰ ਸਿੱਖ ਧਰਮ ਤੋਂ ਦੂਰ ਕੀਤਾ ਹੈ। ਵਿਸ਼ਵੀਕਰਨ ਨੇ ਜਿੱਥੇ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਸੂਚਨਾ ਕ੍ਰਾਂਤੀ ਦੇ ਕਾਰਨ ਇੱਕ-ਦੂਜੇ ਦੇ ਨੇੜੇ ਕੀਤਾ ਹੈ, ਉੱਥੇ ਵੱਡੇ ਦੇਸ਼ਾਂ ਲਈ ਭਾਰਤ ਵਰਗਾ ਦੇਸ਼ ਵਧੀਆ ਮੰਡੀ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ ਕਿ ਇੱਥੋਂ ਦਾ ਵਾਸੀ ਉਸ ਤੰਦੂਏ ਜਾਲ ਵਿੱਚ ਮੱਛੀ ਵਾਂਗ ਫਸ ਕੇ ਰਹਿ ਗਿਆ ਹੈ। ਮਨੁੱਖ ਨੇ ਆਪਣੀਆਂ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਇੱਕ ਅਜਿਹੀ ਦੁਨੀਆਂ ਵਿੱਚ ਪ੍ਰਵੇਸ਼ ਕਰ ਲਿਆ ਹੈ, ਜਿੱਥੇ ਰਿਸ਼ਤੇ ਵੀ ਉਸ ਦੇ ਅਸਲ ਮਕਸਦ ਤੋਂ ਪਿੱਛੇ ਰਹਿ ਗਏ ਹਨ। ਵੱਧ ਤੋਂ ਵੱਧ ਪੂੰਜੀ ਇਕੱਠੀ ਕਰਨ ਲਈ ਮਨੁੱਖ ਨੇ ਇਸ ਤਰ੍ਹਾਂ ਦੇ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ ਹਨ ਜਿਸ ਨਾਲ ਉਸ ਨੂੰ ਨਾ ਤਾਂ ਧਨ ਪ੍ਰਾਪਤ ਹੋਇਆ ਤੇ ਨਾ ਹੀ ਰਿਸ਼ਤੇ ਬਚੇ ਹਨ। ਉਹ ਮਨੁੱਖ ਮਾਨਸਿਕ ਤੌਰ 'ਤੇ ਬਿਮਾਰ ਰਹਿਣ ਲੱਗਾ। ਰੋਜ਼ਾਨਾ ਦੀਆਂ ਨਵੀਆਂ ਮੁਸੀਬਤਾਂ ਅਤੇ ਆਰਥਿਕ ਟੁੱਟ-ਭੱਜ ਨੇ ਮਨੁੱਖ ਦਾ ਤਵਾਜ਼ਨ ਹਿਲਾ ਕੇ ਰੱਖ ਦਿੱਤਾ। ਆਪਣੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਉਸ ਨੇ ਸਾਧਾਂ ਦੇ ਡੇਰਿਆਂ ਵਿੱਚ ਜਾ ਕੇ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਡੇਰਿਆਂ ਵਿੱਚ ਪੁੱਜੇ ਮਾਨਸਿਕ ਰੋਗੀਆਂ ਦਾ ਡੇਰਿਆਂ ਨੇ ਆਰਥਿਕ ਅਤੇ ਜਿਸਮਾਨੀ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ।

ਅੱਜ ਪੰਜਾਬ ਦੇ ਹਰ ਪਿੰਡ, ਹਰ ਸ਼ਹਿਰ ਵਿੱਚ ਅਜਿਹੇ ਅਖੌਤੀ ਬਾਬਿਆਂ ਦੇ ਡੇਰੇ ਖੁੰਬਾਂ ਵਾਂਗ ਉੱਗੇ ਹੋਏ ਹਨ। ਇਨ੍ਹਾਂ ਦੇ ਨਾਂ ਵੀ ਅਜੀਬ ਕਿਸਮ ਦੇ ਹਨ, ਸੋਟੀ ਵਾਲਾ ਬਾਬਾ, ਪਤਾਸਿਆਂ ਵਾਲਾ, ਧੂਣੀ ਵਾਲਾ, ਭਨਿਆਰੇ ਵਾਲਾ, ਟੂਸਿਆਂ ਵਾਲੇ, ਪਹੋਏ ਵਾਲੇ, ਸੰਗਲਾਂ ਵਾਲੇ, ਤੀਰ ਵਾਲੇ, ਕੁੱਤਿਆਂ ਵਾਲੇ ਆਦਿ ਪਤਾ ਨਹੀਂ ਇਨ੍ਹਾਂ ਦੇ ਕਿੰਨੇ ਨਾਂ ਹਨ। ਇਨ੍ਹਾਂ ਡੇਰਿਆਂ ਵਿਚਲੇ ਸਾਧਾਂ ਦੀ ਪ੍ਰਸ਼ਾਸਨ ਵਿੱਚ ਪਹੁੰਚ ਹੋਣ ਕਰਕੇ ਆਪਣੇ ਸੇਵਕਾਂ ਨੂੰ ਤਰ੍ਹਾਂ-ਤਰ੍ਹਾਂ ਦੇ ਲੱਕੜ ਦੇ ਮੁੰਡੇ ਬਖਸ਼ਦੇ ਹਨ। ਇਨ੍ਹਾਂ ਦੇ ਚੁੰਗਲ ਵਿੱਚ ਫਸਿਆ ਕੋਈ ਵੀ ਵਿਅਕਤੀ ਨਾ ਘਰ ਦਾ ਰਹਿੰਦਾ ਹੈ,ਨਾ ਘਾਟ ਦਾ। ਕੋਈ ਬਾਬਾ ਇਲੈਚੀਆਂ ਦਾ ਪ੍ਰਸ਼ਾਦ ਵੰਡਦਾ ਹੈ, ਕੋਈ ਸਿਗਰਟਾਂ ਦਾ, ਕੋਈ ਪਤਾਸਿਆਂ ਦਾ ਤੇ ਭਨਿਆਰੇ ਵਾਲਾ ਤਾਂ ਲੋਕਾਂ ਨੂੰ ਮਿੱਟੀ ਹੀ ਵੰਡੀ ਗਿਆ। ਸਾਡੇ ਅੰਧ-ਵਿਸ਼ਵਾਸੀ ਲੋਕਾਂ ਨੇ ਵਿਗਿਆਨਕ ਨਜ਼ਰੀਏ ਤੋਂ ਕਦੀ ਵੀ ਇਨ੍ਹਾਂ ਸਾਧਾਂ ਦੀ ਪੁਣਛਾਣ ਨਹੀਂ ਕੀਤੀ। ਉਹ ਸ਼ਰਧਾ ਵੱਸ ਇਨ੍ਹਾਂ ਸਾਧਾਂ ਦੇ ਚੁੰਗਲ ਵਿੱਚ ਫਸੀ ਜਾ ਰਹੇ ਹਨ। ਇਨ੍ਹਾਂ ਸਾਧਾਂ ਕੋਲ ਗਿਆ ਕੋਈ ਵੀ ਵਿਅਕਤੀ ਸੁੱਕਾ ਵਾਪਸ ਨਹੀਂ ਪਰਤਦਾ।

ਪੰਜਾਬ ਵਿੱਚ ਇਨ੍ਹਾਂ ਸਾਧਾਂ ਨੇ ਸਿੱਖ ਧਰਮ ਦਾ ਜਿਹੜਾ ਨਾਸ਼ ਕੀਤਾ ਹੈ, ਉਸ ਪਾਸੇ ਵੱਲ ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਿਆਨ ਦਿੱਤਾ ਅਤੇ ਨਾ ਹੀ ਹੋਰ ਸਿੱਖ ਜਥੇਬੰਦੀਆਂ ਨੇ। ਇਨ੍ਹਾਂ ਸਾਧਾਂ ਨੇ ਸਿੱਖ ਧਰਮ ਪ੍ਰਚਾਰ ਦੇ ਨਾਂ ਹੇਠ ਆਪਣੇ ਮਹਿਲ ਨੁਮਾ ਆਲੀਸ਼ਾਨ ਮਹਿਲ ਹੀ ਉਸਾਰੇ ਹਨ। ਇਨ੍ਹਾਂ ਕੋਲ ਏ ਸੀ ਗੱਡੀਆਂ ਤੇ ਕੋਠੀਆਂ ਹਨ। ਲੋਕਾਂ ਉੱਪਰ ਰੋਅਬ ਪਾਉਣ ਲਈ ਬੰਦੂਕਾਂ, ਰਾਈਫਲਾਂ, ਜਿਪਸੀਆਂ ਆਦਿ ਹਨ। ਕਈ ਬਾਬਿਆਂ ਨੇ ਤਾਂ ਆਪਣੀਆਂ ਮੋਟਰ ਗੱਡੀਆਂ ਉੱਪਰ ਲਾਲ ਬੱਤੀ ਤਕ ਵੀ ਲਗਾਈ ਹੋਈ ਹੈ। ਇਨ੍ਹਾਂ ਦੇ ਜਾਂਦੇ ਕਾਫ਼ਲੇ ਕਈ ਵਾਰ ਸੜਕਾਂ ਉੱਪਰ ਹਾਦਸਿਆਂ ਦਾ ਕਾਰਨ ਵੀ ਬਣਦੇ ਹਨ। ਇਨ੍ਹਾਂ ਨੂੰ ਕੋਈ ਵੀ ਪੁੱਛਣ ਵਾਲਾ ਨਹੀਂ ਕਿ ਇਨ੍ਹਾਂ ਨੇ ਆਪਣੀ ਗੱਡੀ ਉੱਪਰ ਲਾਲ ਬੱਤੀ ਕਿਉਂ ਲਗਾਈ ਹੈ ? ਕਿਉਂਕਿ ਇਨ੍ਹਾਂ ਬਾਬਿਆਂ ਦੀ ਸੱਤਾਧਾਰੀ ਆਗੂਆਂ ਤਕ ਪਹੁੰਚ ਹੁੰਦੀ ਹੈ। ਸੱਤਾਧਾਰੀ ਆਗੂ ਇਨ੍ਹਾਂ ਡੇਰਿਆਂ ਉੱਤੇ ਅਕਸਰ ਹੀ ਗੇੜੇ ਮਾਰਦੇ ਰਹਿੰਦੇ ਹਨ। ਜਿਹੜੇ ਆਮ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਅਖੌਤੀ ਬਾਬਿਆਂ ਕੋਲ ਬਹੁਤੀ ਭੀੜ ਔਰਤਾਂ ਦੀ ਹੁੰਦੀ ਹੈ। ਇਹ ਔਰਤਾਂ ਬਾਬਿਆਂ ਨੂੰ ਮਾਨਤਾ ਬਖ਼ਸ਼ਦੀਆਂ ਹਨ ਤੇ ਉਨ੍ਹਾਂ ਦੀ ਇਸ਼ਤਿਹਾਰਬਾਜ਼ੀ ਦਾ ਕੰਮ ਵੀ ਇਹੋ ਔਰਤਾਂ ਕਰਦੀਆਂ ਹਨ। ਘਰ ਭਾਵੇਂ ਇਹ ਘਰਵਾਲੇ ਨੂੰ ਚਾਹ ਦਾ ਕੱਪ ਨਾ ਦਿੰਦੀਆਂ ਹੋਣ, ਪਰ ਬਾਬਿਆਂ ਕੋਲ ਦੁੱਧ ਦੇ ਡੋਲੂ ਭਰੀ ਹੱਥਾਂ ਵਿੱਚ ਫੜੀ ਜਾਂਦੀਆਂ ਇਨ੍ਹਾਂ ਔਰਤਾਂ ਦੀ ਤਸਵੀਰ ਤੁਸੀਂ ਹਰੇਕ ਡੇਰੇ ਬਾਹਰ ਵੇਖ ਸਕਦੇ ਹੋ।

ਇਹ ਬਾਬੇ ਜਦੋਂ ਕੀਰਤਨ ਕਰਦੇ ਹਨ ਉਦੋਂ ਸਭ ਨੂੰ ਮਾਇਆ ਤੋਂ ਬਚਣ ਦੀ ਸਿੱਖਿਆ ਦਿੰਦੇ ਹਨ। ਉਸ ਸਮੇਂ ਸਿੱਖ ਧਰਮ, ਸਿੱਖ ਇਤਿਹਾਸ ਵਿੱਚੋਂ ਹੀ ਨਹੀਂ ਸਗੋਂ ਅਜਿਹੀਆਂ ਮਨਘੜਤ ਕਹਾਣੀਆਂ ਸੁਣਾਉਂਦੇ ਹਨ ਅਤੇ ਗੁਰਬਾਣੀ ਦੀ ਅਜਿਹੀ ਵਿਆਖਿਆ ਕਰਦੇ ਹਨ ਕਿ ਸੁਣਨ ਵਾਲਾ ਵਿਅਕਤੀ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਪਰ ਜਿਹੜੀ ਸਾਧ ਸੰਗਤ ਅੱਗੇ ਬੈਠੀ ਸਿਰ ਸੁੱਟੀ ਇਨ੍ਹਾਂ ਬਾਬਿਆਂ ਦੇ ਪ੍ਰਵਚਨ ਸੁਣਦੀ ਹੈ, ਉਹ ਧੰਨ-ਧੰਨ ਕਰਦੀ ਹੈ ਕਿਉਂਕਿ ਉਹ ਲੋਕ ਪਹਿਲਾਂ ਹੀ ਅੰਧ ਵਿਸ਼ਵਾਸੀ ਹੁੰਦੇ ਹਨ। ਉਨ੍ਹਾਂ ਨੂੰ ਬਾਬੇ ਵਿੱਚ ਕੋਈ ਖੋਟ ਹੀ ਨਜ਼ਰ ਨਹੀਂ ਆਉਂਦਾ, ਇਸ ਕਰਕੇ ਉਹ ਮੰਤਰ-ਮੁਗਧ ਹੋ ਕੇ ਬਾਬਾ ਜੀ ਦੀ ਕੱਚੀ ਬਾਣੀ ਦਾ ਆਨੰਦ ਮਾਣਦੇ ਹਨ।

ਕਈ ਬਾਬੇ ਤਾਂ ਛੋਟੀਆਂ ਜਾਤਾਂ ਦਾ ਪ੍ਰਸ਼ਾਦ ਜਾਂ ਕੋਈ ਹੋਰ ਵਸਤੂ ਵੀ ਨਹੀਂ ਲੈਂਦੇ ਜਦ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਜਾਤ-ਪਾਤ ਦਾ ਕੋਈ ਭੇਦਭਾਵ ਨਹੀਂ ਦੱਸਿਆ ਹੈ। ਇਨ੍ਹਾਂ ਬਾਬਿਆਂ ਨੇ ਆਪਣਾ ਹੀ ਇੱਕ ਵੱਖਰੀ ਤਰ੍ਹਾਂ ਦਾ ਨੈੱਟਵਰਕ ਤਿਆਰ ਕੀਤਾ ਹੋਇਆ ਹੈ। ਇਨ੍ਹਾਂ ਬਾਬਿਆਂ ਦੇ ਮੁੱਖ ਸੇਵਾਦਾਰ ਆਈ ਸੰਗਤ ਵਿੱਚੋਂ ਅਜਿਹੇ ਵਿਅਕਤੀ ਦੀ ਤਲਾਸ਼ ਵਿੱਚ ਰਹਿੰਦੇ ਹਨ, ਜਿਸਦੀ ਔਲਾਦ ਕਹਿਣੇ ਵਿੱਚ ਨਾ ਹੋਵੇ। ਉਹ ਉਸ ਬੀਬੀ ਜਾਂ ਬੀਬੇ ਨੂੰ ਸੰਤਾਂ ਦੀਆਂ ਅਜਿਹੀਆਂ ਚੋਪੜੀਆਂ ਗੱਲਾਂ ਸੁਣਾਉਂਦੇ ਹਨ ਕਿ ਸੁਣਨ ਵਾਲਾ ਬੰਦਾ ਕੀਲਿਆ ਜਾਂਦਾ ਹੈ। ਅਸਲ ਵਿੱਚ ਉਨ੍ਹਾਂ ਦੀ ਅੱਖ ਉਸ ਵਿਅਕਤੀ ਦੀ 'ਜ਼ਮੀਨ ਜਾਇਦਾਦ' ਉੱਪਰ ਹੁੰਦੀ ਹੈ। ਉਹ ਫਿਰ ਉਸ ਵਿਅਕਤੀ ਦੀ ਅਜਿਹੀ ਸੇਵਾ ਕਰਨੀ ਸ਼ੁਰੂ ਕਰ ਦਿੰਦੇ ਹਨ ਕਿ ਬੰਦਾ ਉਨ੍ਹਾਂ ਦੇ ਚੁੰਗਲ ਵਿੱਚ ਫਸਦਾ ਹੀ ਚਲਿਆ ਜਾਂਦਾ ਹੈ। ਜਦੋਂ ਉਸ ਵਿਅਕਤੀ ਦੀ ਜ਼ਮੀਨ-ਜਾਇਦਾਦ ਇਨ੍ਹਾਂ ਬਾਬਿਆਂ ਦੇ ਹੱਥ ਲੱਗ ਜਾਂਦੀ ਹੈ, ਫਿਰ ਉਸ ਵਿਅਕਤੀ ਨੂੰ ਕੋਈ ਪਾਣੀ ਪੁੱਛਣ ਵਾਲਾ ਨਹੀਂ ਹੁੰਦਾ। ਇਸ ਜ਼ਮੀਨ ਹਥਿਆਉਣ ਦੇ ਧੰਦੇ ਵਿੱਚ ਸਭ ਡੇਰਿਆਂ ਦੀ ਪੂਰੀ ਚੜ੍ਹਾਈ ਹੈ।

ਇਨ੍ਹਾਂ ਡੇਰਿਆਂ ਵਾਲਿਆਂ ਦੀ ਉੱਪਰ ਤਕ ਪਹੁੰਚ ਹੈ। ਇਨ੍ਹਾਂ ਕੋਲ ਅਸਲਾ ਹੈ। ਅਫਸਰਾਂ ਅਤੇ ਪੁਲਿਸ ਨੂੰ ਕਾਣਾ ਕਰਨ ਲਈ ਮਾਇਆ ਬਹੁਤ ਹੈ। ਇਨ੍ਹਾਂ ਦਾ ਮੁੱਖ ਧੰਦਾ ਬੇਸਹਾਰਾ ਵਿਅਕਤੀਆਂ ਦੀਆਂ ਜ਼ਮੀਨਾਂ ਉੱਪਰ ਕਬਜ਼ੇ ਕਰਨਾ ਹੈ। ਇਨ੍ਹਾਂ ਵੱਲੋਂ ਪੰਚਾਇਤੀ ਜ਼ਮੀਨਾਂ ਉੱਪਰ ਕਬਜ਼ੇ ਕਰਨ ਦੀਆਂ ਖ਼ਬਰਾਂ ਪਿਛਲੇ ਵਰ੍ਹੇ ਅਖ਼ਬਾਰਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ। ਇਨ੍ਹਾਂ ਡੇਰਿਆਂ ਦੇ ਬਹੁਤ ਸਾਰੇ ਪ੍ਰਬੰਧਕਾਂ ਕੋਲ ਇਸ ਤਰ੍ਹਾਂ ਕਬਜ਼ੇ ਵਿੱਚ ਲਈਆਂ ਜ਼ਮੀਨਾਂ ਹੀ ਨਹੀਂ, ਕੋਠੀਆਂ ਅਤੇ ਔਰਤਾਂ ਵੀ ਹਨ। ਪਰ ਇਨ੍ਹਾਂ ਡੇਰਿਆਂ ਵਾਲਿਆਂ ਨੂੰ ਕੋਈ ਚੈਲਿੰਜ ਕਰਨ ਵਾਲਾ ਨਹੀਂ ਕਿਉਂਕਿ ਬਹੁਤੀ ਦੁਨੀਆਂ ਆਪਣੀ ਔਲਾਦ ਹੱਥੋਂ ਦੁਖੀ ਹੈ ਤੇ ਇਹ ਡੇਰੇ ਵਾਲੇ ਉਸ ਦਾ ਨਾਜਾਇਜ਼ ਤੌਰ 'ਤੇ ਫਾਇਦਾ ਉਠਾਉਂਦੇ ਹਨ।

ਇਨ੍ਹਾਂ ਡੇਰਿਆਂ ਦੇ ਅਸਲ ਕਿਰਦਾਰ ਦੀ ਗਾਥਾ ਪਾਉਂਦੀ ਕਹਾਣੀਕਾਰ ਸੁਖਜੀਤ ਦੀ ਕਹਾਣੀ 'ਪਾਤਸ਼ਾਹ', 'ਮੈਂ ਇੰਜੁਆਈ ਕਰਦੀ ਹਾਂ' ਤੇ 'ਆਦਮਖੋਰ' ਪੜ੍ਹਨ ਵਾਲੀ ਹੈ। ਇਨ੍ਹਾਂ ਕਹਾਣੀਆਂ ਵਿੱਚ ਡੇਰਿਆਂ ਦੇ ਕਿਰਦਾਰ ਨੂੰ ਬੜੇ ਸਪਸ਼ਟ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਜੇ ਕਦੇ ਮੌਕਾ ਮਿਲੇ ਤਾਂ ਇਹ ਕਹਾਣੀਆਂ ਪੜ੍ਹ ਲਿਓ। ਸੁਖਜੀਤ ਦੀ ਸਵੈ ਜੀਵਨੀ ਵੀ ਇੱਕ ਡੇਰੇ ਦੇ ਪਰਦੇ ਚਾਕ ਕਰਦੀ ਹੈ। ਤੁਹਾਨੂੰ ਇਨ੍ਹਾਂ ਡੇਰਿਆਂ ਦੀ ਅੰਦਰਲੀ ਉਹ ਤਸਵੀਰ ਨਜ਼ਰ ਪੈ ਜਾਵੇਗੀ, ਜਿਹੜੀ ਸਾਨੂੰ ਬਾਹਰੀ ਰੂਪ ਵਿੱਚ ਦਿਖਾਈ ਨਹੀਂ ਦਿੰਦੀ। ਇਨ੍ਹਾਂ ਡੇਰਿਆਂ ਵਿੱਚ ਜਿੱਥੇ ਜ਼ਮੀਨ ਜਾਇਦਾਦ ਦਾ ਸ਼ੋਸ਼ਣ ਹੁੰਦਾ ਹੈ, ਸਾਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਹੜੀ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੇ ਨਾਂ ਹੇਠ ਹਰ ਵਰ੍ਹੇ ਕਰੋੜਾਂ ਰੁਪਏ ਇਕੱਠੇ ਕਰਦੀ ਹੈ। ਉਨ੍ਹਾਂ ਦੀ ਖਾਮੋਸ਼ੀ ਇਸ ਗੱਲ ਦੀ ਝਲਕ ਦਿੰਦੀ ਹੈ ਜਿਵੇਂ ਉਹ ਵੀ ਇਨ੍ਹਾਂ ਸਾਧਾਂ ਦੇ ਨਾਲ ਰਲੀ ਹੋਵੇ, ਜਿਹੜੇ ਸਿੱਖ ਧਰਮ ਦੇ ਨਾਂ ਹੇਠ ਜਿੱਥੇ ਧਰਮ ਦਾ ਨੁਕਸਾਨ ਕਰ ਰਹੇ ਹਨ ਅਤੇ ਨਾਲ ਹੀ ਲੋਕਾਂ ਦਾ ਆਰਥਿਕ, ਸਰੀਰਕ ਸ਼ੋਸ਼ਣ ਕਰ ਰਹੇ ਹਨ।

ਜੇਕਰ ਦੇਖਿਆ ਜਾਵੇ ਤਾਂ ਸਾਡਾ ਪੰਜਾਬ ਅੱਜ ਇਨ੍ਹਾਂ ਅਖੌਤੀ ਬਾਬਿਆਂ ਦੇ ਵੱਸ ਪਿਆ ਹੋਇਆ ਹੈ। ਜਿਹੜਾ ਪੰਜਾਬ ਕਦੇ ਅਣਖ ਦਾ ਪ੍ਰਤੀਕ ਹੁੰਦਾ ਸੀ, ਅੱਜ ਆਪਣੀਆਂ ਬਹੂ-ਬੇਟੀਆਂ ਨੂੰ ਇਨ੍ਹਾਂ ਸਾਧਾਂ ਦੇ ਡੇਰਿਆਂ ਵਿੱਚ ਕਿਉਂ ਭੇਜਣ ਲਈ ਮਜਬੂਰ ਹੋ ਰਿਹਾ ਹੈ ? ਇਹ ਭਾਵੇਂ ਸਮਾਜਿਕ, ਮਨੋਵਿਗਿਆਨਕ ਅਤੇ ਆਰਥਿਕਤਾ ਦੇ ਨਾਲ ਜੁੜਿਆ ਵਿਸ਼ਾ ਹੈ ਪ੍ਰੰਤੂ ਇਸ ਸਮੇਂ ਸਾਨੂੰ ਇਸ ਵਰਤਾਰੇ ਨੂੰ ਦੇਖ ਕੇ ਜ਼ਰੂਰ ਸੋਚਣਾ ਪਵੇਗਾ ਕਿ ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਸਾਧਾਂ ਦੇ ਕਬਜ਼ੇ ਵਿੱਚੋਂ ਕਿਵੇਂ ਛੁਡਵਾਇਆ ਜਾਵੇ ? ਤਰਕਸ਼ੀਲ ਸੁਸਾਇਟੀ ਵਾਲਿਆਂ ਨੇ ਇਨ੍ਹਾਂ ਅਖੌਤੀ ਸਾਧਾਂ ਦੇ ਖ਼ਿਲਾਫ਼ ਬੀੜਾ ਚੁੱਕਿਆ ਹੈ। ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੋਕਾਂ ਨੂੰ ਸਾਧਾਂ ਦੇ ਚੁੰਗਲ ਤੋਂ ਬਚਾਉਣ।



# ਇਰਾਨ ਵਿੱਚ ਇੱਕ ਸ਼ਖ਼ਸ ਨੇ ਮੰਚ ’ਤੇ ਭਾਸ਼ਣ ਦੇ ਰਹੇ ਗਵਰਨਰ ਦੇ ਮਾਰਿਆ ‘ਥੱਪੜ’



ਤਹਿਰਾਨ- ਇਰਾਨ ਵਿੱਚ ਇੱਕ ਸ਼ਖ਼ਸ ਨੇ ਸੂਬਾਈ ਗਵਰਨਰ ਨੂੰ ਸ਼ਰੇਆਮ ਥੱਪੜ ਮਾਰ ਦਿੱਤਾ। ਸ਼ਖ਼ਸ ਨੇ ਇੱਕ ਪ੍ਰੋਗਰਾਮ ਦੌਰਾਨ ਸਟੇਜ ’ਤੇ ਚੜ੍ਹ ਕੇ ਸਾਰਿਆਂ ਸਾਹਮਣੇ ਗਵਰਨਰ ਨੂੰ ਥੱਪੜ ਮਾਰਿਆ। ਦੱਸਿਆ ਜਾ ਰਿਹਾ ਹੈ ਕਿ ਸ਼ਖ਼ਸ ਇਸ ਗੱਲ ਤੋਂ ਨਾਰਾਜ਼ ਸੀ ਕਿ ਉਸ ਦੀ ਪਤਨੀ ਨੂੰ ਇੱਕ ਪੁਰਸ਼ ਡਾਕਟਰ ਨੇ ਕੋਰੋਨਾ ਦੀ ਵੈਕਸੀਨ ਲਗਾਈ ਸੀ। ਇਹ ਪੂਰਾ ਮਾਮਲਾ ਕੁਝ ਇਸ ਤਰ੍ਹਾਂ ਹੈ। ਰਿਪੋਰਟਾਂ ਮੁਤਾਬਕ ਅਬੇਦਿਨ ਖੋਰਮ ਪੂਰਬੀ ਅਜਰਬੈਜਾਨ ਸੂਬੇ ਦੇ ਗਵਰਨਰ ਹਨ। ਬੀਤੇ ਦਿਨ ਉਹ ਇੱਕ ਸਮਾਰੋਹ ਵਿੱਚ ਉਦਘਾਟਨ ਭਾਸ਼ਣ ਲਈ ਪੋਡੀਅਮ ’ਤੇ ਬੋਲਣ ਲਈ ਖੜ੍ਹੇ ਸਨ। ਉਦੋਂ ਇੱਕ ਸ਼ਖ਼ਸ ਮੰਚ ’ਤੇ ਆਇਆ ਅਤੇ ਪੋਡੀਅਮ ’ਤੇ ਭਾਸ਼ਣ ਦੇ ਰਹੇ ਗਵਰਨਰ ਨੂੰ ਜ਼ੋਰਦਾਰ ਥੱਪੜ ਮਾਰ ਦਿੱਤਾ। ਥੱਪੜ ਮਾਰਨ ਵਾਲਾ ਸ਼ਖ਼ਸ ਸਾਬਕਾ ਹਥਿਆਰ ਬਲ ਦਾ ਮੈਂਬਰ ਰਹਿ ਚੁੱਕਾ ਹੈ। ਫ਼ਿਲਹਾਲ ਉਹ ਇੱਕ ਸਥਾਨਕ ਨੇਤਾ ਹੈ। ਕਥਿਤ ਤੌਰ ’ਤੇ ਸ਼ਖ਼ਸ ਇਸ ਗੱਲ ਤੋਂ ਨਾਰਾਜ਼ ਸੀ ਕਿ ਉਸ ਦੀ ਪਤਨੀ ਨੂੰ ਇੱਕ ਪੁਰਸ਼ ਡਾਕਟਰ ਨੇ ਕੋਰੋਨਾ ਵੈਕਸੀਨ ਲਗਾਈ ਸੀ। ਇਸ ਲਈ ਉਸ ਨੇ ਗਵਰਨਰ ’ਤੇ ਹਮਲਾ ਕਰ ਦਿੱਤਾ ।ਭਾਵੇਂਕਿ ਹਮਲੇ ਦੇ ਤੁਰੰਤ ਬਾਅਦ ਸੁਰੱਖਿਆ ਕਰਮੀ ਹਰਕਤ ਵਿੱਚ ਆਏ ਅਤੇ ਉਨ੍ਹਾਂ ਨੇ ਹਮਲਾਵਰ ਸ਼ਖ਼ਸ ਨੂੰ ਮੰਚ ਤੋਂ ਦੂਰ ਕਰ ਦਿੱਤਾ। ਇਸ ਘਟਨਾਕ੍ਰਮ ਦੌਰਾਨ ਕੁਝ ਦੇਰ ਲਈ ਪ੍ਰੋਗਰਾਮ ਰੁੱਕ ਗਿਆ ਸੀ। ਗਵਰਨਰ ਨੂੰ ਥੱਪੜ ਮਾਰਨ ਦੀ ਘਟਨਾ ਕੈਮਰਿਆਂ ਵਿੱਚ ਕੈਦ ਹੋ ਗਈ। ਪੋਡੀਅਮ ’ਤੇ ਲੱਗੇ ਮਾਈਕ ਵਿੱਚ ਵੀ ਥੱਪੜ ਦੀ ਆਵਾਜ਼ ਸੁਣਾਈ ਦਿੱਤੀ। ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਚੁੱਕਾ ਹੈ। ਜ਼ਿਕਰਯੋਗ ਹੈ ਕਿ ਗਵਰਨਰ ਅਬੇਦਿਨ ਖੋਰਮ ਇਰਾਨ ਦੀ ਇਸਲਾਮਿਕ ਰੈਵੋਲੂਸ਼ਨਰੀ ਗਾਰਡਸ ਦੇ ਸੂਬਾਈ ਕਮਾਂਡਰ ਰਹਿ ਚੁੱਕੇ ਹਨ। ਮੁਹਿੰਮ ਦੇ ਵਿਚਕਾਰ ਇੱਕ ਹੋਰ ਬਾਗੀ ਸਮੂਹ ਨੇ ਉਨ੍ਹਾਂ ਸਮੇਤ 48 ਈਰਾਨੀਆਂ ਨੂੰ ਅਗਵਾ ਕਰ ਲਿਆ ਸੀ। ਉਨ੍ਹਾਂ ਨੂੰ ਲੰਬੇ ਸਮੇਂ ਤਕ ਬੰਧਕ ਬਣਾਏ ਰੱਖਣ ਤੋਂ ਬਾਅਦ 2,130 ਬਾਗੀਆਂ ਨੂੰ ਰਿਹਾਅ ਕੀਤਾ ਗਿਆ ਸੀ। ਸੇਵਾ ਮੁਕਤੀ ਤੋਂ ਬਾਅਦ, ਰਾਸ਼ਟਰਪਤੀ ਇਬਰਾਹਿਮ ਰਾਇਸੀ ਨੇ ਉਨ੍ਹਾਂ ਨੂੰ ਪੂਰਬੀ ਅਜਰਬੈਜਾਨ ਸੂਬੇ ਦਾ ਗਵਰਨਰ ਨਿਯੁਕਤ ਕੀਤਾ। ਮੰਚ ਤੋਂ ਉਨ੍ਹਾਂ ਨੇ ਖੁਦ ਇਸ ਬਾਰੇ ਦੱਸਿਆ।

# 100 ਕਰੋੜ ਕੋਰੋਨਾ ਟੀਕਾਕਰਨ ਨਾਲ ਦੇਸ਼ ’ਚ ਨਵਾਂ ਉਤਸ਼ਾਹ- ਮੋਦੀ

ਨਵੀਂ ਦਿੱਲੀ - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਦੇਸ਼ ’ਚ 100 ਕਰੋੜ ਕੋਰੋਨਾ ਟੀਕੇ ਲਾਉਣ ਨਾਲ ਨਵਾਂ ਉਤਸ਼ਾਹ ਅਤੇ ਇੱਕ ਨਵੀਂ ਊਰਜਾ ਦਾ ਸੰਚਾਰ ਹੋਇਆ। ਇਸ ਤੋਂ ਭਰੋਸਾ ਪੈਦਾ ਹੋਇਆ ਹੈ ਕਿ ਦੇਸ਼ ਕਿਸੇ ਵੀ ਚੁਣੌਤੀ ’ਤੇ ਪਾਰ ਪਾ ਸਕਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਐਤਵਾਰ ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ ‘ਮਨ ਕੀ ਬਾਤ’ ਦੀ 82ਵੀਂ ਕੜੀ ’ਚ ਦੇਸ਼ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 100 ਕਰੋੜ ਕੋਵਿਡ-19 ਟੀਕੇ ਤੋਂ ਬਾਅਦ ਦੇਸ਼ ਨਵੇਂ ਉਤਸ਼ਾਹ ਅਤੇ ਨਵੀਂ ਊਰਜਾ ਨਾਲ ਅੱਗੇ ਵੱਧ ਰਿਹਾ ਹੈ। ਟੀਕਾਕਰਨ ਪ੍ਰੋਗਰਾਮ ਦੀ ਸਫ਼ਲਤਾ, ਰਾਸ਼ਟਰ ਦੇ ਸਮਰਥਨ ਅਤੇ ਸਾਰੀਆਂ ਦੀ ਕੋਸ਼ਿਸ਼ ਦੇ ਮੰਤਰ ਦੀ ਸ਼ਕਤੀ ਨੂੰ ਵਿਖਾਉਂਦੀ ਹੈ।

ਮੋਦੀ ਨੇ ਕਿਹਾ ਕਿ ਕਰੋੜ ਕੋਵਿਡ-19 ਟੀਕੇ ਦਾ ਅੰਕੜਾ ਵੱਡੀ ਜ਼ਰੂਰਤ ਹੈ ਪਰ ਇਸ ਨਾਲ ਲੱਖਾਂ ਛੋਟੇ-ਛੋਟੇ ਮਾਣ ਨਾਲ ਭਰ ਦੇਣ ਵਾਲੇ ਕਈ ਤਜਰਬੇ, ਕਈ ਉਦਾਹਰਣਾਂ ਜੁੜੀਆਂ ਹਨ। 100 ਕਰੋੜ ਕੋਵਿਡ ਟੀਕਾ ਲਗਵਾਉਣ ਦੀ ਸਫ਼ਲਤਾ ’ਤੇ ਮੋਦੀ ਨੇ ਕਿਹਾ ਕਿ ਮੈਂ ਆਪਣੇ ਦੇਸ਼, ਆਪਣੇ ਦੇਸ਼ ਦੇ ਲੋਕਾਂ ਦੀਆਂ ਸਮਰਥਾਵਾਂ ਤੋਂ ਭਲੀ-ਭਾਂਤ ਵਾਕਫ਼ ਹਾਂ। ਮੈਂ ਜਾਣਦਾ ਸੀ ਕਿ ਸਾਡੇ ਸਿਹਤ ਕਾਮੇ ਦੇਸ਼ ਵਾਸੀਆਂ ਦੇ ਟੀਕਾਕਰਨ ’ਚ ਕੋਈ



ਕੋਰ-ਕਸਰ ਨਹੀਂ ਛੱਡਣਗੇ। ਸਾਡੇ ਸਿਹਤ ਕਾਮਿਆਂ ਨੇ ਆਪਣੇ ਨੇ ਆਪਣੀ ਅਣਥੱਕ ਮਿਹਨਤ ਨਾਲ ਇੱਕ ਨਵੀਂ ਮਿਸਾਲ ਪੇਸ਼ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ 100 ਫ਼ੀਸਦੀ ਕੋਵਿਡ ਟੀਕਾਕਰਨ ਲਈ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਸਰਕਾਰ ਦੀ ਸ਼ਲਾਘਾ ਕੀਤੀ।

# ਅਫ਼ਗਾਨਿਸਤਾਨ ’ਚੋਂ ਹਿੰਦੂਆਂ ਤੇ ਸਿੱਖਾਂ ਨੂੰ ਸੁਰੱਖਿਅਤ ਬਾਹਰ ਕੱਢਣ ਦਾ ਮੁੱਦਾ ਅਦਾਲਤ ਵਿੱਚ ਪੁੱਜਿਆ



ਅੰਮ੍ਰਿਤਸਰ-ਅਫ਼ਗਾਨਿਸਤਾਨ ਵਿੱਚ ਫ਼ਸੇ ਘੱਟ- ਗਿਣਤੀ ਸਿੱਖ, ਹਿੰਦੂ ਤੇ ਹੋਰ ਭਾਈਚਾਰੇ ਨਾਲ ਸਬੰਧਤ ਭਾਰਤੀਆਂ ਨੂੰ ਸੁਰੱਖਿਅਤ ਬਾਹਰ ਕੱਢਣ ਦਾ ਮਾਮਲਾ ਦਿੱਲੀ ਹਾਈ ਕੋਰਟ ਵਿੱਚ ਪਹੁੰਚ ਗਿਆ ਹੈ। ਇਸ ਸਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਆਗੂ ਪਰਮਿੰਦਰਪਾਲ ਸਿੰਘ ਨੇ ਹਾਈਕੋਰਟ ਵਿੱਚ ਜਨ ਹਿੱਤ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿੱਚ ਉਸ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਭਾਰਤ ਦੇ ਵਿਦੇਸ਼ ਤੇ ਗ੍ਰਹਿ ਮੰਤਰਾਲੇ ਨੂੰ ਅਫ਼ਗਾਨਿਸਤਾਨ ’ਚ ਫ਼ਸੇ ਸਿੱਖ ਅਤੇ ਹਿੰਦੂ ਭਾਈਚਾਰੇ ਸਮੇਤ ਬਾਕੀ ਭਾਰਤੀਆਂ ਨੂੰ ਈ-ਵੀਜ਼ਾ ਜਾਰੀ ਕਰ ਕੇ ਸੁਰੱਖਿਅਤ ਵਾਪਸ ਲਿਆਉਣ ਦੇ ਹੁਕਮ ਦਿੱਤੇ ਜਾਣ। ਮਿਲੇ ਵੇਰਵਿਆਂ ਮੁਤਾਬਕ ਭਾਰਤ ਸਰਕਾਰ ਕੋਲ ਈ-ਵੀਜ਼ਾ ਸਬੰਧੀ ਅਫ਼ਗਾਨੀ ਹਿੰਦੂਆਂ ਤੇ ਸਿੱਖਾਂ ਦੀਆਂ 216 ਅਰਜੀਆਂ ਪੁੱਜੀਆਂ ਹਨ। ਇਨ੍ਹਾਂ ’ਚੋਂ ਸਿਰਫ਼ 8 ਵਿਅਕਤੀਆਂ ਨੂੰ ਈ-ਵੀਜ਼ੇ ਦਿੱਤੇ ਗਏ ਹਨ ਜਦੋਂਕਿ 208 ਅਰਜ਼ੀਆਂ ਬਾਰੇ ਹਾਲੇ ਕੋਈ ਫ਼ੈਸਲਾ ਨਹੀਂ ਕੀਤਾ ਗਿਆ। ਉਥੇ ਤਾਲਿਬਾਨ ਦਾ ਕਬਜ਼ਾ ਹੋਣ ਮਗਰੋਂ ਉਥੇ ਰਹਿ ਰਹੇ ਘੱਟ- ਗਿਣਤੀ ਲੋਕ ਇਸ ਵੇਲੇ ਡਰੇ ਅਤੇ ਸਹਿਮੇ ਹੋਏ ਹਨ। ਤਾਲਿਬਾਨ ਵਲੋਂ ਅਫ਼ਗਾਨਿਸਤਾਨ ’ਚੋਂ ਸਿਰਫ਼ ਉਨ੍ਹਾਂ ਸਿੱਖਾਂ ਜਾਂ ਹਿੰਦੂਆਂ ਨੂੰ ਬਾਹਰ ਜਾਣ ਦੀ ਆਗਿਆ ਦਿੱਤੀ ਜਾ ਰਹੀ ਹੈ, ਜਿਨ੍ਹਾਂ ਕੋਲ ਇਸ ਸਬੰਧੀ ਲੋੜੀਂਦੇ ਦਸਤਾਵੇਜ਼ ਹਨ। ਇਨ੍ਹਾਂ ਦਸਤਾਵੇਜ਼ਾਂ ਵਿੱਚ ਵੀਜ਼ਾ ਵੀ ਜ਼ਰੂਰੀ ਹੈ। ਇੰਡੀਆ ਵਰਲਡ ਫ਼ੋਰਮ ਦੇ ਪ੍ਰਧਾਨ ਪੁਨੀਤ ਸਿੰਘ ਚੰਡੋਕ ਜਿਨ੍ਹਾਂ ਨੇ ਪਹਿਲਾਂ ਵੀ ਅਫ਼ਗਾਨਿਸਤਾਨ ਵਿੱਚ ਫ਼ਸੇ ਹਿੰਦੂ-ਸਿੱਖਾਂ ਨੂੰ ਲਿਆਉਣ ਲਈ ਕੋਸ਼ਿਸ਼ ਕੀਤੀ ਸੀ, ਨੇ ਕਿਹਾ ਕਿ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਇਹ ਮਾਮਲਾ ਲਟਕ ਰਿਹਾ ਹੈ। ਉਨ੍ਹਾਂ ਹਵਾਬਾਜ਼ੀ ਵਿਭਾਗ ਦੇ ਡਾਇਰੈਕਟਰ ਜਨਰਲ ਤੋਂ ਇਹ ਮਸਲਾ ਹੱਲ ਕਰਨ ਦੀ ਮੰਗ ਕੀਤੀ ਹੈ।

# ਕਰੂਜ਼ ਡਰੱਗਜ਼ ਕੇਸ : 25 ਕਰੋੜ ਰੁਪਏ ਦੀ ਵੱਢੀ ਮੰਗਣ ਦੇ ਮਾਮਲੇ ਦੀ ਵਿਜੀਲੈਂਸ ਜਾਂਚ ਦੇ ਹੁਕਮ

ਨਵੀਂ ਦਿੱਲੀ-ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ.ਸੀ.ਬੀ.) ਨੇ ਕਰੂਜ਼ ਡਰੱਗਜ਼ ਕੇਸ ਵਿੱਚ ਬੌਲੀਵੁੱਡ ਅਦਾਕਾਰ ਸ਼ਾਹਰੁਖ ਖਾਨ ਦੇ ਪੁੱਤਰ ਆਰੀਅਨ ਖਾਨ ਸਮੇਤ ਹੋਰਨਾਂ ਦੀ ਰਿਹਾਈ ਲਈ ਕੁਝ ਏਜੰਸੀ ਅਧਿਕਾਰੀਆਂ, ਜਿਨ੍ਹਾਂ ਵਿੱਚ ਮੁੰਬਈ ਦੇ ਜ਼ੋਨਲ ਡਾਇਰੈਕਟਰ ਸਮੀਰ ਵਾਨਖੇੜੇ ਦਾ ਵੀ ਨਾਮ ਸ਼ਾਮਲ ਹੈ, ਵਲੋਂ ਕਥਿਤ 25 ਕਰੋੜ ਰੁਪਏ ਦੀ ਵੱਢੀ ਮੰਗੇ



ਜਾਣ ਦੇ ਦਾਅਵੇ ਦੀ ਵਿਜੀਲੈਂਸ ਜਾਂਚ ਦੇ ਹੁਕਮ ਦਿੱਤੇ ਹਨ। ਕਰੂਜ਼ ਡਰੱਗ ਕੇਸ ਵਿੱਚ ਗਵਾਹ ਪ੍ਰਭਾਕਰ ਸੇਲ ਨੇ ਐੱਨ.ਸੀ.ਬੀ. ਅਧਿਕਾਰੀਆਂ ਵਲੋਂ ਕਥਿਤ ਵੱਢੀ ਮੰਗੇ ਜਾਣ ਦਾ ਦਾਅਵਾ ਕੀਤਾ ਸੀ। ਵਿਜੀਲੈਂਸ ਜਾਂਚ ਐੱਨ.ਸੀ.ਬੀ. ਦੇ ਉੱਤਰੀ ਖੇਤਰ ਲਈ ਡਿਪਟੀ ਡਾਇਰੈਕਟਰ ਜਨਰਲ ਗਿਆਨੇਸ਼ਵਰ ਸਿੰਘ ਵਲੋਂ ਕੀਤੀ ਜਾਵੇਗੀ। ਵੱਢੀ ਮੰਗੇ ਜਾਣ ਦਾ ਦਾਅਵਾ ਕਰਨ ਵਾਲਾ ਪ੍ਰਭਾਕਰ ਸੇਲ ਇਸ ਕੇਸ ਵਿੱਚ ਇੱਕ ਹੋਰ ਗਵਾਹ ਕੇ.ਪੀ.ਗੋਸਾਵੀ ਦਾ ਅੰਗਰੱਖਿਅਕ ਦੱਸਿਆ ਜਾਂਦਾ ਹੈ। ਗੋਸਾਵੀ 3 ਅਕਤੂਬਰ ਨੂੰ ਮਾਰੇ ਛਾਪਿਆਂ ਮਗਰੋਂ ਫ਼ਰਾਰ ਹੋ ਗਿਆ ਸੀ। ਸੇਲ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਗੋਸਾਵੀ ਨੂੰ ਸ਼ਾਹਰੁਖ ਦੇ ਮੈਨੇਜਰ ਨਾਲ ਮਿਲਦਿਆਂ ਵੇਖਿਆ ਸੀ ਤੇ ਛਾਪੇਮਾਰੀ ਮਗਰੋਂ ਵਾਨਖੇੜੇ ਦੀ ਹਾਜ਼ਰੀ ਵਿੱਚ ਮੈਨੇਜਰ ਨੂੰ 9-10 ਬਲੈਂਕ ਚੈੱਕ ਸਾਈਨ ਕਰਨ ਲਈ ਕਿਹਾ ਸੀ। ਉਧਰ ਗਿਆਨੇਸ਼ਵਰ ਸਿੰਘ ਨੇ ਕਿਹਾ ਕਿ ਉਹ ਪੇਸ਼ੇਵਰ ਸੰਸਥਾ ਹਨ ਤੇ ਉਹ ਆਪਣੇ ਹੀ ਸਟਾਫ਼ ਖ਼ਿਲਾਫ਼ ਲੱਗੇ ਦੋਸ਼ਾਂ ਦੀ ਜਾਂਚ ਲਈ ਤਿਆਰ ਹਨ ਤੇ ਜਾਂਚ ਪੂਰੀ ਤਰ੍ਹਾਂ ਪਾਰਦਰਸ਼ੀ ਤੇ ਨਿਰਪੱਖ ਹੋਵੇਗੀ।

# ਇਨਕਮ ਟੈਕਸ ਨੇ ਰਿਕਸ਼ਾ ਚਾਲਕ ਨੂੰ ਭੇਜਿਆ ਸਾਢੇ 3 ਕਰੋੜ ਦਾ ਨੋਟਿਸ



ਆਗਰਾ-ਮਥੁਰਾ ’ਚ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇਨਕਮ ਟੈਕਸ ਵਿਭਾਗ ਨੇ ਇੱਕ ਰਿਕਸ਼ਾ ਚਾਲਕ ਨੂੰ 3.5 ਕਰੋੜ ਰੁਪਏ ਦਾ ਨੋਟਿਸ ਦਿੱਤਾ ਹੈ। ਨੋਟਿਸ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਰਿਕਸਾ ਚਾਲਕ ਸਿੱਧਾ ਪੁਲੀਸ ਸਟੇਸ਼ਨ ਹਾਈਵੇਅ ’ਤੇ ਪਹੁੰਚਿਆ। ਜਿੱਥੇ ਉਸ ਨੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਤੇ ਕਿਹਾ ਕਿ ਸਾਲ 2018 ’ਚ ਉਸ ਨੇ ਪੈਨ ਕਾਰਡ ਲਈ ਅਰਜ਼ੀ ਦਿੱਤੀ ਸੀ, ਉਸ ਨੇ ਇੰਨੀ ਕਮਾਈ ਵੀ ਨਹੀਂ ਕੀਤੀ ਜਿੰਨਾ ਨੋਟਿਸ ਆਇਆ ਹੈ। ਇਸ ਨਾਲ ਹੀ ਲੋਕਾਂ ’ਚ ਇਨਕਮ ਟੈਕਸ ਵਿਭਾਗ ਦੇ ਕੰਮਕਾਜ ਨੂੰ ਲੈ ਕੇ ਸ਼ਹਿਰ ’ਚ ਕਈ ਤਰ੍ਹਾਂ ਦੀਆਂ ਚਰਚਾਵਾਂ ਹਨ। ਦੂਜੇ ਪਾਸੇ ਪੀੜਤਾ ਨੇ ਪੁਲਿਸ ਸਟੇਸਨ ਹਾਈਵੇ ’ਤੇ ਜਾਅਲਸਾਜ਼ੀ ਸਬੰਧੀ ਸ਼ਿਕਾਇਤ ਦਰਜ ਕਰਵਾਈ ਹੈ।

ਸ਼ਹਿਰ ਦੀ ਅਮਰ ਕਾਲੋਨੀ ਭਾਗਲਪੁਰ ਦੇ ਵਾਸੀ ਪ੍ਰਤਾਪ ਸਿੰਘ ਪੁੱਤਰ ਕਮਲ ਸਿੰਘ ਨੂੰ 19 ਅਕਤੂਬਰ ਨੂੰ ਇਨਕਮ ਟੈਕਸ ਵਿਭਾਗ ਵਲੋਂ ਨੋਟਿਸ ਮਿਲਿਆ ਸੀ। ਜਿਸ ’ਚ ਉਸ ਨੂੰ 3,47,54,896 ਰੁਪਏ ਇਨਕਮ ਟੈਕਸ ਵਜੋਂ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ। ਨੋਟਿਸ ਮੁਤਾਬਕ ਉਸ ਨੇ ਜੀ.ਐੱਸ.ਟੀ. ਨੰਬਰ ਨਾਲ ਕਾਰੋਬਾਰ ਕੀਤਾ। ਜਿਸ ’ਚ 2018-2019 ਲਈ ਉਸ ਦਾ ਟਰਨਓਵਰ 43,44,36,201 ਰੁਪਏ ਹੈ। ਪ੍ਰਤਾਪ ਸਿੰਘ ਨੇ ਦੱਸਿਆ ਕਿ ਨਾ ਤਾਂ ਉਸ ਦਾ ਕੋਈ ਜੱਦੀ-ਪੁਸ਼ਤੀ ਕਾਰੋਬਾਰ ਹੈ ਅਤੇ ਨਾ ਹੀ ਉਸ ਨੇ ਅੱਜ ਤਕ ਕੋਈ ਕਾਰੋਬਾਰ ਕੀਤਾ ਹੈ। ਉਹ ਮੂਲ ਰੂਪ ਤੋਂ ਅਡਿੰਗ (ਗੋਵਰਧਨ) ਤੋਂ ਹੈ। ਉਹ 1997 ਤੋਂ ਅਮਰ ਕਾਲੋਨੀ ਵਿੱਚ ਰਹਿ ਰਿਹਾ ਹੈ। ਪਹਿਲਾਂ ਉਹ ਟੂਟੀ ਦੀ ਫ਼ੈਕਟਰੀ ’ਚ ਮਜ਼ਦੂਰੀ ਕਰਦਾ ਸੀ ਤੇ ਹੁਣ ਰਿਕਸ਼ਾ ਚਲਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਿਹਾ ਹੈ।

# ਅਮਰੀਕਾ 'ਚ ਮਹਾਂਮਾਰੀ ਦੌਰਾਨ ਏਸ਼ੀਅਨ ਲੋਕਾਂ ਵਿਰੁੱਧ ਨਫ਼ਰਤੀ ਅਪਰਾਧਾਂ 'ਚ ਹੋਇਆ 76% ਵਾਧਾ

ਫ਼ਰਿਜਨੋ (ਕੈਲੇਫ਼ੋਰਨੀਆ) – ਅਮਰੀਕਾ 'ਚ ਐੱਫ਼. ਬੀ. ਆਈ. ਦੁਆਰਾ ਨਵੇਂ ਪ੍ਰਕਾਸ਼ਿਤ ਕੀਤੇ ਗਏ ਅੰਕੜਿਆਂ ਦੇ ਅਨੁਸਾਰ 2020 'ਚ ਏਸ਼ੀਆਈ ਮੂਲ ਦੇ ਲੋਕਾਂ ਵਿਰੁੱਧ ਨਫ਼ਰਤੀ ਅਪਰਾਧਾਂ 'ਚ 76% ਦਾ ਵਾਧਾ ਹੋਇਆ ਹੈ। ਇਸ ਤੋਂ ਪਹਿਲਾਂ ਐੱਫ਼. ਬੀ. ਆਈ. ਨੇ ਅਗਸਤ 'ਚ ਨਫ਼ਰਤੀ ਅਪਰਾਧ ਦੇ ਅੰਕੜੇ ਜਾਰੀ ਕੀਤੇ ਸਨ ਪਰ ਓਹੀਓ ਦੇ ਅੰਕੜਿਆਂ ਦੀ ਰਿਪੋਰਟ ਵਿੱਚ ਇੱਕ ਗਲਤੀ ਕਾਰਨ ਇਹ ਡੇਟਾ ਅਧੂਰਾ ਸੀ। ਹੁਣ ਐੱਫ਼. ਬੀ. ਆਈ. ਨੇ ਓਹੀਓ ਦੀ ਰਿਪੋਰਟਿੰਗ ਪ੍ਰਣਾਲੀ ਵਿੱਚ ਤਕਨੀਕੀ ਸਮੱਸਿਆ ਨੂੰ ਠੀਕ ਕੀਤਾ ਹੈ। ਅੰਕੜਿਆਂ ਅਨੁਸਾਰ 2020 'ਚ ਏਸ਼ੀਆਈ ਮੂਲ ਦੇ ਲੋਕਾਂ ਦੇ ਵਿਰੁੱਧ 279 ਨਫ਼ਰਤੀ ਅਪਰਾਧ ਦੀਆਂ ਘ ਟਨਾਵਾਂ ਦਰਜ ਕੀਤੀਆਂ ਗਈਆਂ, ਜਦੋਂ ਕਿ 2019 ਵਿੱਚ 158 ਘਟਨਾਵਾਂ ਦਰਜ ਹੋਈਆਂ ਸਨ।

ਐੱਫ਼. ਬੀ. ਆਈ. ਦੇ ਜਾਰੀ ਅੰਕੜਿਆਂ ਅਨੁਸਾਰ ਅਮਰੀਕਾ 'ਚ 60% ਤੋਂ ਵੱਧ ਨਫ਼ਰਤੀ ਅਪਰਾਧ ਵਿਅਕਤੀ ਦੀ ਨਸਲ ਦੇ ਆਧਾਰ 'ਤੇ ਕੀਤੇ ਗਏ ਸਨ। ਅਧਿਕਾਰੀਆਂ ਅਨੁਸਾਰ ਜ਼ਿਆਦਾਤਰ ਨਫ਼ਰਤੀ ਅਪਰਾਧ ਅਫ਼ਰੀਕਨ ਅਮਰੀਕੀਆਂ 'ਤੇ ਹੁੰਦੇ ਹਨ ਪਰ ਕੋਵਿਡ-19 ਦੇ ਕਾਰਨ ਏਸ਼ੀਆਈ ਵਿਰੋਧੀ ਨਫ਼ਰਤੀ ਅਪਰਾਧਾਂ 'ਚ ਵਾਧਾ ਹੋਇਆ ਹੈ। ਐੱਫ਼. ਬੀ. ਆਈ. ਅਨੁਸਾਰ 20% ਨਫ਼ਰਤੀ ਅਪਰਾਧ ਵਿਅਕਤੀ ਦੇ ਜਿਣਸੀ ਰੁਝਾਨ ਨੂੰ ਨਿਸ਼ਾਨਾ ਬਣਾਉਂਦੇ ਹਨ ਤੇ 2020 'ਚ ਹੋਏ ਨਫ਼ਰਤੀ ਅਪਰਾਧਾਂ 'ਚੋਂ 13% ਧਾਰਮਿਕ ਪੱਖਪਾਤ ਦੇ ਕਾਰਨ ਸਨ। ਇਸਦੇ ਇਲਾਵਾ ਅੱਧੇ ਤੋਂ ਵੱਧ ਅਪਰਾਧੀ ਗੋਰੇ ਸਨ ਅਤੇ 21% ਅਪਰਾਧੀ ਅਫ਼ਰੀਕਨ ਅਮਰੀਕਨ ਸਨ।




# ਤਾਲਿਬਾਨ ਰਾਜ 'ਚ ਅਫ਼ਗਾਨਿਸਤਾਨ ਦੇ ਹਾਲਾਤ ਖ਼ਰਾਬ, ਕਾਬੁਲ 'ਚ 8 ਬੱਚਿਆਂ ਦੀ ਭੁੱਖ ਨਾਲ ਮੌਤ




ਕਾਬੁਲ –ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਅਫ਼ਗਾਨਿਸਤਾਨ ਦੇ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ। ਦੇਸ਼ 'ਚ ਗਰੀਬੀ-ਭੁੱਖਮਰੀ, ਬੇਰੁਜ਼ਗਾਰੀ ਨੇ ਲੋਕਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਸਾਬਕਾ ਸੰਸਦ ਮੈਂਬਰ ਹਾਜੀ ਮੁਹੰਮਦ ਮੋਹਕ ਨੇ ਕਿਹਾ ਕਿ ਪੱਛਮੀ ਕਾਬੁਲ 'ਚ 8 ਬੱਚਿਆਂ ਦੀ ਭੁੱਖ ਨਾਲ ਮੌਤ ਹੋ ਗਈ ਹੈ, ਜੋ ਮੁੱਖ ਤੌਰ 'ਤੇ ਹਜਾਰਾ ਘੱਟ-ਗਿਣਤੀ ਹਨ । ਰੂਸੀ ਸਮਾਚਾਰ ਏਜੰਸੀ ਸਪੂਤਨਿਕ ਦੇ ਹਵਾਲੇ ਨਾਲ ਮੋਹਕ ਨੇ ਫ਼ੇਸਬੁੱਕ 'ਤੇ ਲਿਖਿਆ,"ਪੱਛਮੀ ਕਾਬੁਲ 'ਚ ਗਰੀਬੀ ਤੇ ਭੁੱਖ ਨੇ 8 ਬੱਚਿਆਂ ਦੀ ਜਾਨ ਲੈ ਲਈ ਹੈ।" ਮੋਹਕ ਨੇ ਕਿਹਾ ਕਿ ਤਾਲਿਬਾਨ ਸੱਤਾ 'ਚ ਆਉਣ ਤੋਂ ਬਾਅਦ ਅਫ਼ਗਾਨਿਸਤਾਨ ਦੇ ਲੋਕਾਂ ਲਈ ਲੋੜੀਂਦਾ ਜੀਵਨ ਪੱਧਰ ਯਕੀਨੀ ਕਰਨ 'ਚ ਸਮਰੱਥ ਨਹੀਂ ਹੈ। ਉਨ੍ਹਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਤੋਂ ਅਫ਼ਗਾਨਿਸਤਾਨ 'ਚ ਹਜਾਰਾ ਤੇ ਸ਼ੀਆ ਲੋਕਾਂ ਦੀ ਮਦਦ ਕਰਨ ਦਾ ਸੱਦਾ ਦਿੱਤਾ ਹੈ। ਦੱਸ ਦੇਈਏ ਕਿ ਤਾਲਿਬਾਨ ਦੇ ਅਫ਼ਗਾਨਿਸਤਾਨ 'ਤੇ ਕਬਜ਼ਾ ਕਰਨ ਤੋਂ ਬਾਅਦ ਅਫ਼ਗਾਨਿਸਤਾਨ 'ਚ ਘੱਟਗਿਣਤੀਆਂ ਨੂੰ ਉਨ੍ਹਾਂ ਦੀ ਧਾਰਮਿਕ ਤੇ ਜਾਤੀ ਪਛਾਣ ਦੇ ਆਧਾਰ 'ਤੇ ਟੀਚਾਬੱਧ ਕਤਲਾਂ, ਹਿੰਸਾ ਤੇ ਭੇਦਭਾਵ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਤਾਲਿਬਾਨ ਵਲੋਂ ਕੀਤੇ ਗਏ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਪੁਸ਼ਟੀ ਕਰਦਿਆਂ ਅਧਿਕਾਰ ਸਮੂਹ ਐਮਨੈਸਟੀ ਇੰਟਰਨੈਸ਼ਨਲ ਨੇ ਇਸ ਮਹੀਨੇ ਦੀ ਸ਼ੁਰੂਆਤ 'ਚ ਇੱਕ ਦਸਤਾਵੇਜ਼ ਜਾਰੀ ਕੀਤਾ ਕਿ ਕਿਵੇਂ ਤਾਲਿਬਾਨ ਨੇ ਜਾਤੀ ਹਜਾਰਾ ਭਾਈਚਾਰੇ ਦੇ ਮੈਂਬਰਾਂ ਦਾ ਕਤਲੇਆਮ ਕੀਤਾ। ਅਫ਼ਗਾਨਿਸਤਾਨ ਦੀ ਆਬਾਦੀ ਦੇ 9 ਫ਼ੀਸਦੀ ਹਜਾਰਾ ਲੋਕ ਸ਼ੀਆ ਇਸਲਾਮ ਦੀ ਪਾਲਣਾ ਕਰਦੇ ਹਨ। ਅਧਿਕਾਰ ਸਮੂਹਾਂ ਦੀਆਂ ਰਿਪੋਰਟਾਂ ਅਨੁਸਾਰ ਉਨ੍ਹਾਂ ਨੂੰ ਬੀਤੇ 'ਚ ਤਾਲਿਬਾਨ ਵੱਲੋਂ ਗੰਭੀਰ ਤੌਰ 'ਤੇ ਸਤਾਇਆ ਗਿਆ ਹੈ। ਅਗਸਤ ਦੇ ਮੱਧ 'ਚ ਤਾਲਿਬਾਨ ਦੇ ਸੱਤਾ 'ਚ ਆਉਣ ਤੋਂ ਬਾਅਦ ਕਈ ਅੰਤਰਰਾਸ਼ਟਰੀ ਸਮੂਹ ਦੇਸ਼ 'ਚ ਰਹਿਣ-ਸਹਿਣ ਦੀ ਵਿਗੜਦੀ ਹਾਲਤ 'ਤੇ ਖ਼ਤਰੇ ਦਾ ਅਲਾਰਮ ਵਜਾ ਰਹੇ ਹਨ। ਇਸ ਮਹੀਨੇ ਦੀ ਸ਼ੁਰੂਆਤ 'ਚ ਹੀ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟੇਰੇਸ ਨੇ ਦੁਨੀਆਂ ਤੋਂ ਦੇਸ਼ ਲਈ 'ਬਣਾਉਣ ਜਾਂ ਤੋੜਨ'ਦੇ ਪਲ 'ਚ ਕਾਰਵਾਈ ਕਰਨ ਦੀ ਬੇਨਤੀ ਕੀਤੀ ਸੀ।





# ਵਿਆਹ ਵਾਲੇ ਦਿਨ ਦੇ ਲਈ ਦੁਲਹਨਾਂ ਲਈ ਕੁੱਝ ਹੈਕਸ

✿ ਵਤਨਦੀਪ ਕੌਰ

ਤੁਹਾਡੇ ਵਿਆਹ ਵਾਲਾ ਦਿਨ ਤੁਹਾਡੀ ਜ਼ਿੰਦਗੀ ਦੇ ਸਭ ਤੋਂ ਵਧੀਆ ਦਿਨਾਂ ਦੇ ਵਿੱਚੋਂ ਇੱਕ ਹੁੰਦਾ ਹੈ। ਸਾਰੀਆਂ ਅੱਖਾਂ ਤੁਹਾਡੇ 'ਤੇ ਹੋਣਗੀਆਂ ਅਤੇ ਫੋਟੋਆਂ ਦਾ ਤਾਂ ਕੋਈ ਅੰਤ ਹੀ ਨਹੀਂ। ਬਹੁਤ ਹੀ ਸੁੰਦਰ ਸਜਾਵਟ ਅਤੇ ਸੈੱਟਅਪ ਦੇ ਨਾਲ, ਤੁਹਾਨੂੰ ਆਪਣੀ ਦਿੱਖ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਦਿਨ ਦੀ ਰੋਸ਼ਨੀ ਦੇ ਹਿਸਾਬ ਦੇ ਨਾਲ ਸਭ ਚੀਜ਼ਾਂ ਸੈੱਟ ਕਰਨੀਆਂ ਚਾਹੀਦੀਆਂ ਹਨ। ਤੇ ਜਦੋਂ ਗੱਲ ਮੇਕਅਪ ਦੀ ਆਵੇ ਤਾਂ ਇਸ ਗੱਲ ਨੂੰ ਪੱਕਾ ਕਰ ਲਓ ਕਿ ਇਹ ਬਿਲਕੁਲ ਸਹੀ ਹੋਵੇ। ਆਪਣੇ ਸਭ ਤੋਂ ਵਧੀਆ ਫੀਚਰਜ਼ ਨੂੰ ਉਭਾਰੋ ਅਤੇ ਪੂਰੀ ਦਿੱਖ ਨੂੰ ਸਧਾਰਨ ਪਰ ਖ਼ੂਬਸੂਰਤ ਰੱਖੋ। ਆਪਣੇ ਵਿਆਹ ਤੋਂ ਪਹਿਲਾਂ ਵਾਲੇ ਸਮਾਗਮਾਂ ਦੇ ਵਿੱਚ ਅਤੇ ਵਿਆਹ ਵਾਲੇ ਦਿਨ ਵੀ ਦਿਨ ਦੇ ਵਿੱਚ ਆਪਣੇ ਸਭ ਤੋਂ ਵਧੀਆ ਰੂਪ ਦੇ ਵਿੱਚ ਦਿਖਾਈ ਦੇਣ ਦੇ ਲਈ ਇਹਨਾਂ ਦਾ ਲਓ ਸਾਥ।

-ਮੇਕਅਪ ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਚਮੜੀ ਨੂੰ ਇਸ ਦੇ ਲਈ ਤਿਆਰ ਕਰਨਾ ਬਹੁਤ ਜ਼ਰੂਰੀ ਹੈ। ਇਸ ਗੱਲ ਦਾ ਧਿਆਨ ਰੱਖੋ ਕਿ ਵਿਆਹ ਵਾਲੇ ਦਿਨ ਤੋਂ ਪਹਿਲਾਂ ਵਾਲੀ ਰਾਤ ਅਤੇ ਵਿਆਹ ਵਾਲੇ ਦਿਨ ਸਵੇਰੇ ਆਪਣੀ ਚਮੜੀ ਨੂੰ ਚੰਗੀ ਤਰ੍ਹਾਂ ਮਾਸ਼ਚਰਾਈਜ਼ ਕਰੋ ਨੂੰ ਭੁੱਲੋ। ਇਸ ਤੋਂ ਬਾਅਦ, ਇੱਕ ਚੰਗੇ ਪ੍ਰਾਈਮਰ ਤੋਂ ਸ਼ੁਰੂ ਕਰੋ, ਇਹ ਫਾਊਂਡੇਸ਼ਨ ਨੂੰ ਚੰਗੀ ਤਰ੍ਹਾਂ ਚਮੜੀ 'ਤੇ ਲਗਾਉਣ ਦੇ ਲਈ ਇੱਕ ਨਰਮ ਕੈਨਵਸ ਬਣਾ ਦੇਵੇਗਾ। ਇਹ ਮੇਕਅਪ ਨੂੰ ਇੱਕ ਚੰਗੀ ਫੀਨੀਸ਼ਿੰਗ ਦੇਵੇਗਾ ਅਤੇ ਇਸ ਦੇ ਨਾਲ ਮੇਕਅਪ ਵੀ ਜ਼ਿਆਦਾ ਦੇਰ ਤੱਕ ਟਿਕਿਆ ਰਹੇਗਾ।

-ਇੱਕ ਸਹੀ ਫਾਊਂਡੇਸ਼ਨ ਦੀ ਚੋਣ ਕਰੋ, ਜੋ ਕਿ ਦਿਨ ਦੀ ਦਿੱਖ ਦੇ ਲਈ ਇੱਕ ਬੇਸ ਦਾ ਕੰਮ ਕਰਦਾ ਹੈ ਜਦੋਂ ਇਹ ਨਿਊਟ੍ਰਲ ਹੁੰਦਾ ਹੈ। ਫੁਲ-ਕਵਰੇਜ ਭਾਰੀ ਲੱਗ ਸਕਦੀ ਹੈ ਅਤੇ ਤਹਿਆਂ ਵਾਲੀ ਵੀ। ਦਾਗ-ਧੱਬਿਆਂ ਨੂੰ ਇੱਕ ਵਧੀਆ ਕੰਸੀਲਰ ਦੇ ਨਾਲ ਲੁਕਾ ਦਿਓ। ਚਮਕ ਨੂੰ ਸਹੀ ਰੱਖਣ ਦੇ ਲਈ ਥੋੜ੍ਹਾ ਕਾਮਪੈਕਟ ਲਗਾਓ।

-ਚਿੱਟੇ ਫੀਨੀਸ਼ਿੰਗ ਪਾਊਡਰ ਨੂੰ ਛੱਡ ਦਿਓ, ਜਿਹੜਾ ਕਿ ਕੈਮਰੇ ਦੀ ਫਲੈਸ਼ਲਾਈਟ ਦੇ ਚਿਹਰੇ 'ਤੇ ਪੈਣ 'ਤੇ ਵਾਈਟ ਕਾਸਟ ਨਾ ਪੈਦਾ ਕਰ ਦੇਵੇ।

-ਮੇਕਅਪ ਦਾ ਸਭ ਤੋਂ ਬੇਸਿਕ ਰੂਲ ਇਹ ਹੈ ਕਿ ਜਾਂ ਤੁਸੀਂ ਅੱਖਾਂ ਦੇ ਨਾਲ ਖੇਡੋ ਜਾਂ ਫਿਰ ਬੁੱਲ੍ਹਾਂ ਦੇ ਨਾਲ। ਜੇਕਰ ਤੁਹਾਡਾ ਧਿਆਨ ਅੱਖਾਂ ਨੂੰ ਹਾਈਲਾਈਟ ਕਰਨ ਵੱਲ ਹੈ ਤਾਂ ਬੁੱਲ੍ਹਾਂ ਦੇ ਉੱਤੇ ਹਲਕਾ ਜਾਂ ਫਿਰ ਨਿਊਡ ਸ਼ੇਡ ਵਰਤੋ। ਚਾਹੇ ਤੁਸੀਂ ਆਪਣੀਆਂ ਅੱਖਾਂ ਨੂੰ ਹਾਈਲਾਈਟ ਕਰ ਰਹੇ ਹੋ ਜਾਂ ਫਿਰ ਨਹੀਂ, ਇਸ ਗੱਲ ਦਾ ਧਿਆਨ ਰੱਖੋ ਕਿ ਤੁਸੀਂ ਆਪਣੀਆਂ ਅੱਖਾਂ ਨੂੰ ਚੰਗੀ ਤਰ੍ਹਾਂ ਡਿਫਾਈਨ ਕਰੋ। ਤੁਸੀਂ ਨਕਲੀ ਲੈਸ਼ੇਜ਼ ਲਗਾ ਸਕਦੇ ਹੋ ਅਤੇ ਉਹਨਾਂ ਨੂੰ ਭਾਰੀ ਦਿਖਾਉਣ ਵਾਲੇ ਮਸਕਾਰੇ ਦੇ ਲਾਲ ਢਕ ਸਕਦੇ ਹੋ, ਇਸ ਦੇ ਨਾਲ ਉਹ ਜ਼ਿਆਦਾ ਚਮਕਦਾਰ ਲੱਗਣਗੀਆਂ।

-ਆਈਬ੍ਰੋਜ਼ (ਭਰਵੱਟੇ) ਨੂੰ ਕਦੇ ਵੀ ਨਾ ਭੁੱਲੋ ਕਿਉਂਕਿ ਇਹ ਤੁਹਾਡੀਆਂ ਅੱਖਾਂ ਨੂੰ ਫ੍ਰੇਮ ਪ੍ਰਦਾਨ ਕਰਦੀਆਂ ਹਨ ਅਤੇ ਤੁਹਾਡੇ ਚਿਹਰੇ ਦੀ ਪੂਰੀ ਦਿੱਖ ਨੂੰ ਬਦਲ ਸਕਦੀਆਂ ਹਨ। ਆਪਣੀਆਂ ਆਈਬ੍ਰੋਜ਼ ਦੇ ਕੁਦਰਤੀ ਆਕਾਰ ਨੂੰ ਹੀ ਮੁੱਢ ਬਣਾ ਕੇ ਰੱਖੋ ਅਤੇ ਜ਼ਿਆਦਾ ਦੇਰ ਚੱਲਣ ਵਾਲੇ ਹੀ ਆਈਬ੍ਰੋਜ਼ ਦੇ ਉਦਪਾਦਾਂ ਦੀ ਵਰਤੋਂ ਕਰੋ।

-ਇਸ ਗੱਲ ਦਾ ਧਿਆਨ ਰੱਖੋ ਕਿ ਆਪਣੇ ਬੁੱਲ੍ਹਾਂ ਦੇ ਲਈ ਉਹ ਹੀ ਲਿਪਸਟਿਕ ਦੀ ਵਰਤੋਂ ਕਰੋ ਜੋ ਜ਼ਿਆਦਾ ਸਮੇਂ ਤੱਕ ਟਿਕ ਸਕੇ। ਸੁੱਕੀ ਚਮੜੀ ਨੂੰ ਉਤਾਰ ਦਿਓ ਅਤੇ ਬੁੱਲ੍ਹਾਂ ਨੂੰ ਪਹਿਲਾਂ ਐਕਸਫੋਲੀਏਟ ਕਰੋ। ਜੇਕਰ ਤੁਸੀਂ ਇੱਕ ਇੰਟੈਂਸ ਲਿਪਸਟਿਕ ਲਗਾ ਰਹੇ ਹੋ ਤਾਂ ਕ੍ਰੈਕਸ ਨੂੰ ਭਰਨ ਦੇ ਲਈ ਲਿਪ ਪ੍ਰਾਈਮਰ ਦਾ ਇਸਤੇਮਾਲ ਕਰੋ ਅਤੇ ਇਸ ਗੱਲ ਨੂੰ ਪੱਕਾ ਕਰ ਲਓ ਕਿ ਤੁਹਾਡੀ ਲਿਪਸਟਿਕ ਜ਼ਿਆਦਾ ਦੇਰ ਤੱਕ ਟਿਕੀ ਰਹੇ। ਲਿੱਪ ਲਾਈਨਰ ਦੇ ਨਾਲ ਬੁੱਲ੍ਹਾਂ ਦੀ ਆਊਟਲਾਈਨ ਬਣਾਓ ਅਤੇ ਇਸ ਨੂੰ ਮੈਚਿੰਗ ਲਿਪਕਲਰ ਦੇ ਨਾਲ ਭਰੋ।

ਸਭ ਤੋਂ ਅਖੀਰ ਦੇ ਵਿੱਚ ਤੁਹਾਡੇ ਮੇਕਅੱਪ ਨੂੰ ਜ਼ਿਆਦਾ ਦੇਰ ਤੱਕ ਟਿਕਾ ਕੇ ਰੱਖਣ ਦੇ ਲਈ ਅਤੇ ਤੁਹਾਡੇ ਮੇਕਅੱਪ ਨੂੰ ਰੀਫ੍ਰੈਸ਼ ਕਰਨ ਦੇ ਲਈ ਵੀ ਇੱਕ ਚੰਗੀ ਹਾਈਡ੍ਰੇਟਿੰਗ ਸੈਟਿੰਗ ਸਪ੍ਰੇਅ ਜ਼ਰੂਰੀ ਹੈ।

ਕੀਕੋ ਮਿਲਾਨੋ ਤੋਂ ਕਸਟਮਰ ਐਕਸਪੀਰੀਐਂਸ ਟ੍ਰੇਨਰ ਪੂਜਾ ਮਲਹੋਤਰਾ ਦੁਆਰਾ।

*ਹਾਸਾ, ਅਰੋਗ ਸਰੀਰ ਦੀ ਨਿਸ਼ਾਨੀ ਹੈ ਕਿਉਂਕਿ ਹੱਸਣਾ ਆਪਣੇ-ਆਪ ਵਿੱਚ ਚੰਗੀ ਕਸਰਤ ਹੈ। ਜਦੋਂ ਅਸੀਂ ਖੁੱਲ੍ਹ ਕੇ ਹੱਸਦੇ ਹਾਂ ਤਾਂ ਸਰੀਰ ਵਿੱਚ ਖ਼ੂਨ ਦਾ ਸੰਚਾਰ ਤੇਜ਼ ਹੁੰਦਾ ਹੈ ਜੋ ਖ਼ੂਨ ਦੇ ਦਬਾਓ ਨੂੰ ਠੀਕ ਰੱਖਣ 'ਚ ਮਦਦਗਾਰ ਹੁੰਦਾ ਹੈ। ਹੱਸਣ ਨਾਲ ਸਰੀਰ ਅੰਦਰ ਅਜਿਹੇ ਸੈੱਲਾਂ ਵਿੱਚ ਵਾਧਾ ਹੁੰਦਾ ਹੈ ਜਿਹੜੇ ਵਾਇਰਸ ਤੋਂ ਪੈਦਾ ਹੋਣ ਵਾਲੇ ਰੋਗਾਂ ਅਤੇ ਟਿਊਮਰ ਸੈੱਲਾਂ ਨੂੰ ਨਸ਼ਟ ਕਰ ਦਿੰਦੇ ਹਨ।*

# ਖਿੜ-ਖਿੜ ਹੱਸਦੀ ਏ ਖਿੜਦਾ ਗੁਲਾਬ ਜਿਵੇਂ

✿ ਸ਼ਵਿੰਦਰ ਕੌਰ



ਮਨੁੱਖ ਆਪਣੇ ਮਨ ਦੇ ਭਾਵ ਕਈ ਢੰਗਾਂ ਨਾਲ ਪ੍ਰਗਟ ਕਰਦਾ ਹੈ। ਮਨ 'ਚੋਂ ਉੱਠਦੀਆਂ ਖ਼ੁਸ਼ੀ ਦੀਆਂ ਤਰੰਗਾਂ ਨੂੰ ਉਹ ਹੱਸ ਕੇ ਪ੍ਰਗਟ ਕਰਦਾ ਹੈ। ਦੁੱਖ ਅਤੇ ਬੇਵਸੀ ਸਮੇਂ ਉਹ ਹੰਝੂ ਕੇਰ ਕੇ ਆਪਣੇ ਬੋਝਲ ਮਨ ਨੂੰ ਹਲਕਾ ਕਰਦਾ ਹੈ। ਰੁੱਖਾਂ, ਜੰਗਲਾਂ, ਪਹਾੜੀ ਕੰਦਰਾਂ ਤੋਂ ਸ਼ੁਰੂ ਹੋਈ ਮਨੁੱਖੀ ਸੱਭਿਅਤਾ ਮਸ਼ੀਨੀ ਯੁੱਗ ਵਿੱਚ ਪਹੁੰਚ ਚੁੱਕੀ ਹੈ। ਮਸ਼ੀਨਾਂ ਸੰਗ ਮਸ਼ੀਨ ਬਣੇ ਮਨੁੱਖ ਦੀ ਜ਼ਿੰਦਗੀ ਰਸਹੀਣ ਅਤੇ ਨੀਰਸ ਹੁੰਦੀ ਜਾ ਰਹੀ ਹੈ। ਤਣਾਅ ਭਰੀ ਜ਼ਿੰਦਗੀ 'ਚ ਰੋਣ ਦੇ ਮੌਕੇ ਵਧਦੇ ਜਾ ਰਹੇ ਹਨ ਅਤੇ ਹਾਸਾ ਠੱਠਾ ਗੁੰਮ ਹੁੰਦਾ ਜਾ ਰਿਹਾ ਹੈ। ਨਿੱਜ ਵਾਲੀ ਦੌੜ 'ਚ ਉਲਝ ਕੇ ਉਹ ਖ਼ੁਸ਼ੀਆਂ-ਖੇੜਿਆਂ ਅਤੇ ਮੋਹ-ਮੁਹੱਬਤਾਂ ਵਾਲੀ ਦਾਤ ਤੋਂ ਵਾਂਝਾ ਹੁੰਦਾ ਜਾ ਰਿਹਾ ਹੈ। ਸਾਡੇ ਬਜ਼ੁਰਗਾਂ ਵੱਲੋਂ ਸਿਰਜੇ ਅਨਮੋਲ ਬਚਨ, 'ਹੱਸਦਿਆਂ ਦੇ ਘਰ ਵੱਸਦੇ' ਉਸ ਦੇ ਚੇਤਿਆਂ ਵਿੱਚੋਂ ਵਿੱਸਰਦੇ ਜਾ ਰਹੇ ਹਨ।

ਹਾਸਾ, ਅਰੋਗ ਸਰੀਰ ਦੀ ਨਿਸ਼ਾਨੀ ਹੈ ਕਿਉਂਕਿ ਹੱਸਣਾ ਆਪਣੇ-ਆਪ ਵਿੱਚ ਚੰਗੀ ਕਸਰਤ ਹੈ। ਜਦੋਂ ਅਸੀਂ ਖੁੱਲ੍ਹ ਕੇ ਹੱਸਦੇ ਹਾਂ ਤਾਂ ਸਰੀਰ ਵਿੱਚ ਖ਼ੂਨ ਦਾ ਸੰਚਾਰ ਤੇਜ਼ ਹੁੰਦਾ ਹੈ ਜੋ ਖ਼ੂਨ ਦੇ ਦਬਾਓ ਨੂੰ ਠੀਕ ਰੱਖਣ 'ਚ ਮਦਦਗਾਰ ਹੁੰਦਾ ਹੈ। ਹੱਸਣ ਨਾਲ ਸਰੀਰ ਅੰਦਰ ਅਜਿਹੇ ਸੈੱਲਾਂ ਵਿੱਚ ਵਾਧਾ ਹੁੰਦਾ ਹੈ ਜਿਹੜੇ ਵਾਇਰਸ ਤੋਂ ਪੈਦਾ ਹੋਣ ਵਾਲੇ ਰੋਗਾਂ ਅਤੇ ਟਿਊਮਰ ਸੈੱਲਾਂ ਨੂੰ ਨਸ਼ਟ ਕਰ ਦਿੰਦੇ ਹਨ। ਹੱਸਣ ਨਾਲ ਤਣਾਅ ਦੇਣ ਵਾਲੇ ਹਾਰਮੋਨਾਂ ਦਾ ਪੱਧਰ ਵੀ ਘਟਦਾ ਹੈ। ਐਨੇ ਫਾਇਦੇ ਦੇਣ ਵਾਲਾ ਹਾਸਾ ਜੋ ਸਾਡੀ ਸਿਹਤ ਲਈ ਇੱਕ ਟਾਨਿਕ ਦਾ ਕੰਮ ਕਰਦਾ ਹੈ, ਵਰਗੀ ਅਨਮੋਲ ਦਾਤ ਕੁਦਰਤ ਨੇ ਸਾਨੂੰ ਬਗੈਰ ਕੁਝ ਖ਼ਰਚਿਆਂ ਇੱਕ ਤੋਹਫ਼ੇ ਦੇ ਰੂਪ ਵਿੱਚ ਦਿੱਤੀ ਹੈ ਜੋ ਸਿਰਫ਼ ਮਨੁੱਖ ਦੇ ਹਿੱਸੇ ਆਈ ਹੈ। ਹੱਸਣ-ਹਸਾਉਣ ਵਾਲੇ ਮਨੁੱਖ ਦੀ ਸ਼ਖ਼ਸੀਅਤ ਵਿੱਚ ਅਜਿਹੀ ਖਿੱਚ ਹੁੰਦੀ ਹੈ ਜੋ ਹਰੇਕ ਨੂੰ ਆਪਣਾ ਬਣਾ ਲੈਂਦੀ ਹੈ। ਸਦਾ ਚੜ੍ਹਦੀ ਕਲਾ 'ਚ ਰਹਿਣ ਵਾਲਾ ਮਨੁੱਖ ਰੋਂਦੂਆਂ ਤੋਂ ਵੱਧ ਲੰਮੀ ਉਮਰ ਭੋਗਦਾ ਹੈ। ਇਸੇ ਲਈ ਤਾਂ ਕਿਸੇ ਨੇ ਕਿਹਾ ਹੈ:

ਹਾਸਾ ਹੁੰਦਾ ਸਿਹਤ ਦੀ ਨਿਸ਼ਾਨੀ ਦੋਸਤੋ,
ਹਾਸੇ ਨਾਲ ਕਾਇਮ ਹੈ ਜਵਾਨੀ ਦੋਸਤੋ।

ਅੱਲ੍ਹੜ ਉਮਰੇ ਤਾਂ ਹਾਸੇ ਆਪਣੇ ਆਪ ਹੀ ਫੁੱਟ-ਫੁੱਟ ਪੈਂਦੇ ਹਨ। ਮਨਾਂ ਅੰਦਰ ਮੌਲਦੀ ਖ਼ੁਸ਼ੀ ਨੌਜਵਾਨਾਂ ਦੇ ਚਿਹਰਿਆਂ 'ਤੇ ਖਿੜਦੇ ਫੁੱਲਾਂ ਦੀ ਰੰਗਤ ਲਿਆ ਦਿੰਦੀ ਹੈ। ਇਕੱਠੀਆਂ ਹੋਈਆਂ ਮਦਮਸਤ ਜਵਾਨੀਆਂ ਜਦੋਂ ਇੱਕ ਦੂਜੇ ਨਾਲ ਹਾਸੇ ਠੱਠੇ ਕਰਦੀਆਂ, ਖਿੜ-ਖਿੜ ਹੱਸਦੀਆਂ ਹਨ ਤਾਂ ਉਹ ਛਲ-ਕਪਟ ਤੋਂ ਰਹਿਤ ਨਿਰਛਲ ਹਾਸੇ ਹਵਾਵਾਂ 'ਚ ਅਜਿਹੀਆਂ ਖ਼ੁਸ਼ਬੋਆਂ ਘੋਲਦੇ ਹਨ ਜਿਹੜੀਆਂ ਆਲੇ-ਦੁਆਲੇ ਨੂੰ ਵੀ ਨਸ਼ਿਆਂ ਦਿੰਦੀਆਂ ਹਨ ਅਤੇ ਉਨ੍ਹਾਂ ਹਾਸਿਆਂ ਨੂੰ ਤੱਕ ਕੇ ਨਵੇਂ ਗੀਤ ਰਚੇ ਜਾਂਦੇ ਹਨ:

ਖਿੜ-ਖਿੜ ਹੱਸਦੀ ਏ, ਖਿੜਦਾ ਗੁਲਾਬ ਜਿਵੇਂ੩

ਹਰ ਮੁਟਿਆਰ ਦੀ ਸੱਧਰ ਹੁੰਦੀ ਹੈ ਕਿ ਉਸ ਦਾ ਸਾਥੀ ਜ਼ਿੰਦਾਦਿਲ, ਕਾਮਾ, ਰੋਂਦਿਆਂ ਨੂੰ ਹਸਾਉਣ ਵਾਲਾ ਅਤੇ ਦੁੱਖ ਤਕਲੀਫ਼ ਸਮੇਂ ਅਡੋਲ ਖੜ੍ਹਾ ਰਹਿਣ ਵਾਲਾ ਹੋਵੇ, ਜੋ ਜ਼ਿੰਦਗੀ ਦੇ ਹਰ ਪਲ 'ਚ ਉਸ ਦਾ ਸਾਥ ਦੇਣ ਵਾਲਾ ਹੋਵੇ ਅਤੇ ਹਰ ਦੁੱਖ-ਸੁੱਖ ਨੂੰ ਖਿੜੇ ਮੱਥੇ ਸਵੀਕਾਰ ਕਰਕੇ ਹੌਸਲੇ ਨਾਲ ਉਸ ਦਾ ਸਾਥ ਦੇਵੇ ਪਰ ਇਸ ਦੇ ਉਲਟ ਜੇ ਉਸ ਦਾ ਹਮਸਫ਼ਰ ਹਰ ਵਕਤ ਦੁੱਖਾਂ, ਤਕਲੀਫ਼ਾਂ ਨੂੰ ਵਧਾ ਚੜ੍ਹਾ ਕੇ ਸੋਗੀ ਜਿਹਾ ਬਣ ਕੇ ਸਾਰਾ ਦਿਨ ਖਿਝਦਾ ਰਹੇ, ਮੱਥੇ 'ਤੇ ਤਿਊੜੀਆਂ ਪਾਈ ਰੱਖੇ ਤਾਂ ਉਹ ਉਸ ਦੀ ਸ਼ਿਕਾਇਤ ਆਪਣੀ ਨਣਦ ਕੋਲ ਕਰਦੀ ਹੈ:

ਤੇਰੇ ਵੀਰ ਦਿਆਂ ਬੁੱਲ੍ਹਾਂ 'ਤੇ ਹਮੇਸ਼ਾਂ ਰਹਿੰਦੀ ਚੁੱਪ,
ਹਾੜ੍ਹ ਦੇ ਮਹੀਨੇ ਜਿਵੇਂ ਵੱਢ ਖਾਣੀ ਧੁੱਪ।
ਆਖ ਨੀਂ ਨਣਾਨੇ ਤੇਰੇ ਵੀਰ ਨੂੰ,
ਤਿਊੜੀਆਂ ਨਾ ਕੱਸਿਆ ਕਰੇ,
ਕਦੇ ਤਾਂ ਭੈੜਾ ਹੱਸਿਆ ਕਰੇ,
ਮੇਰੇ ਸੀਨੇ 'ਚ ਸੁਗੰਧੀ ਵਾਂਗੂੰ ਵੱਸਿਆ ਕਰੇ।

ਜੇ ਕਿਸੇ ਦਾ ਜੀਵਨ ਸਾਥੀ ਖ਼ੁਸ਼ਮਿਜ਼ਾਜ ਹੋਵੇ, ਉਸ ਦਾ ਹਸੂੰ-ਹਸੂੰ ਕਰਦਾ ਚਿਹਰਾ ਹਰੇਕ ਦੀ ਖਿੱਚ ਦਾ ਕੇਂਦਰ ਰਹੇ ਤੇ ਘਰ ਦਾ ਵਿਹੜਾ ਹਮੇਸ਼ਾਂ ਖੁਸ਼ੀਆਂ ਖੇੜਿਆਂ ਨੂੰ ਸਿਜਦਾ ਕਰਦਾ ਹੋਵੇ ਤਾਂ ਉਹ ਉਸ ਮਾਹੀ ਦੀ ਸਿਫ਼ਤ ਮੱਲੋ-ਮੱਲੀ ਕਰਨ ਲੱਗ ਪੈਂਦੀ ਹੈ: ਅੰਤੋਂ ਪਿਆਰੀ ਮੈਨੂੰ ਤੂੰ ਨੀਂ ਨਣਦੇ,

ਤੈਥੋਂ ਪਿਆਰਾ ਲੱਗੇ ਤੇਰਾ ਵੀਰ ਨੀਂ,
ਜਦ ਗੱਲਾਂ ਕਰਦਾ, ਦੰਦਾਂ ਦਾ ਹੱਸਦਾ ਪੀੜ੍ਹ ਨੀਂ।

ਖ਼ੁਸ਼ੀ ਅਤੇ ਗ਼ਮ ਜ਼ਿੰਦਗੀ ਦੇ ਦੋ ਅਹਿਮ ਹਿੱਸੇ ਹੁੰਦੇ ਹਨ। ਜ਼ਿੰਦਗੀ ਦੇ ਰਾਹ 'ਤੇ ਚੱਲਦਿਆਂ ਸਾਨੂੰ ਹੱਸਣ ਦੇ ਮੌਕੇ ਤਲਾਸ਼ਣੇ ਪੈਂਦੇ ਹਨ। ਦੂਜਿਆਂ ਤੋਂ ਅੱਗੇ ਨਿਕਲਣ ਵਾਲੀ ਦੌੜ 'ਚ ਪੈ ਕੇ ਅਸੀਂ ਸਿਰਫ਼ ਧਨ ਕਮਾਉਣ ਦੇ ਹੀ ਮੌਕੇ ਭਾਲਦੇ ਰਹਿੰਦੇ ਹਾਂ। ਹਰ ਥਾਂ ਅਸੀਂ ਨਿੱਜ ਨੂੰ ਪਹਿਲ ਦੇ ਕੇ ਦੂਜਿਆਂ ਦੀਆਂ ਭਾਵਨਾਵਾਂ ਦੀ ਕੋਈ ਪਰਵਾਹ ਨਹੀਂ ਕਰਦੇ। ਅਸੀਂ ਖ਼ੁਦ ਵੀ ਭਾਵਨਾਵਾਂ ਤੋਂ ਸੱਖਣੇ ਹੋ ਕੇ ਇੱਕ ਮਸ਼ੀਨ ਦੀ ਤਰ੍ਹਾਂ ਭੱਜੇ-ਨੱਠੇ ਫਿਰਦੇ ਰਹਿੰਦੇ ਹਾਂ ਅਤੇ ਜ਼ਿੰਦਗੀ ਦੇ ਅਨਮੋਲ ਪਲ ਅਜਾਈਂ ਗਵਾ ਦਿੰਦੇ ਹਾਂ:

ਕੌਣ ਖ਼ੁਸ਼ੀ ਉਧਾਰੀ ਦੇਵੇ,
ਕੌਣ ਸੁਦਾਗਰ ਹਾਸੇ ਦਾ।

ਸਾਡੇ ਬਜ਼ੁਰਗਾਂ ਨੂੰ ਕਿਸੇ ਡਾਕਟਰ ਨੇ ਨਹੀਂ ਸੀ ਦੱਸਿਆ ਕਿ ਹਾਸਾ, ਲੰਮੀ ਉਮਰ ਦਾ ਰਾਜ਼ ਹੈ ਪਰ ਫਿਰ ਵੀ ਉਨ੍ਹਾਂ ਨੇ ਹਾਸੇ ਦੀ ਅਹਿਮੀਅਤ ਨੂੰ ਸਮਝਿਆ ਸੀ। ਇਸੇ ਲਈ ਤਾਂ ਵਿਆਹ-ਸ਼ਾਦੀਆਂ ਅਤੇ ਹੋਰ ਖ਼ੁਸ਼ੀ ਦੇ ਮੌਕਿਆਂ 'ਤੇ ਉਹ ਹਾਸਾ ਉਤਪੰਨ ਕਰ ਲੈਂਦੇ ਸਨ। ਨਾਨਕਾ ਮੇਲ ਅਤੇ ਦਾਦਕੀਆਂ ਦੇ ਵਿਚਕਾਰ ਦਿੱਤੀਆਂ ਜਾਂਦੀਆਂ ਸਿੱਠਣੀਆਂ ਖ਼ੁਸ਼ੀਆਂ-ਖੇੜੇ ਪੈਦਾ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੇ ਸਨ। ਜਾਂਞੀਆਂ ਨੂੰ ਲਾਏ ਜਾਂਦੇ ਦੋਹੇ ਹਾਸਿਆਂ ਦੀ ਛਹਿਬਰ ਲਾ ਦਿੰਦੇ ਸਨ। ਬਰਾਤ ਨਾਲ ਆਏ ਨਕਲਚੀ ਸਾਰੇ ਪਿੰਡ ਨੂੰ ਖ਼ੂਬ ਹਸਾ ਜਾਂਦੇ ਸਨ। ਜਦੋਂ ਪੈਂਦੇ ਗਿੱਧੇ ਦੀ ਧਮਕਾਰ ਧਰਤੀ ਹਿੱਲਣ ਲਾ ਦਿੰਦੀ ਤਾਂ ਸਿਆਣੀ ਜਿਹੀ ਮੇਲਣ ਇਸ ਸੱਚਾਈ ਨੂੰ ਸਭ ਦੇ ਰੂ-ਬ-ਰੂ ਕਰ ਦਿੰਦੀ:

ਕਦੇ ਹੱਸ ਵੇ ਮਨਾਂ, ਕਦੇ ਖੇਡ ਵੇ ਮਨਾਂ।
ਇਸ ਜੱਗ 'ਤੇ ਨਹੀਂ ਆਉਣਾ ਫੇਰ ਵੇ ਮਨਾਂ।

ਦੋ ਕੁ ਦਹਾਕੇ ਪਹਿਲਾਂ ਆਮ ਹੀ ਸਾਂਝੇ ਪਰਿਵਾਰ ਹੁੰਦੇ ਸਨ। ਜਦੋਂ ਵੀ ਪਰਿਵਾਰ ਇਕੱਠਾ ਹੋ ਕੇ ਬੈਠਦਾ ਹਾਸਿਆਂ ਦੀ ਛਹਿਬਰ ਲੱਗ ਜਾਂਦੀ। ਦਿਓਰ-ਭਾਬੀ ਦੀ ਨੋਕ-ਝੋਕ ਸਾਰਾ ਦਿਨ ਵਿਹੜੇ 'ਚ ਰੌਣਕਾਂ ਬਿਖੇਰਦੀ ਰਹਿੰਦੀ। ਭਾਵੇਂ ਭਾਬੀ ਵੱਲੋਂ ਦਿਓਰ ਨੂੰ ਇਉਂ ਵੀ ਕਿਹਾ ਜਾਂਦਾ:


ਛੋਟਾ ਦਿਓਰ ਬੜਾ ਟੁੱਟ ਪੈਣਾ,
ਹੱਸਦੀ ਦੇ ਦੰਦ ਗਿਣਦਾ।

ਹਰ ਮਨੁੱਖ ਦਾ ਆਪਣਾ-ਆਪਣਾ ਸੁਭਾਅ ਹੁੰਦਾ ਹੈ। ਕਈ ਰੋਂਦਿਆਂ ਨੂੰ ਵੀ ਹਸਾ ਦਿੰਦੇ ਹਨ ਅਤੇ ਜਿੱਥੇ ਬੈਠਦੇ ਹਨ, ਮਹਿਫ਼ਲਾਂ 'ਚ ਆਪਣੇ ਹਾਸਿਆਂ ਨਾਲ ਹਰ ਇੱਕ ਨੂੰ ਕਹਿਕਹਾਂ ਲਾਉਣ ਲਈ ਮਜਬੂਰ ਕਰ ਦਿੰਦੇ ਹਨ। ਅਜਿਹੀ ਮਹਿਫ਼ਲ ਵਿੱਚੋਂ ਕਿਸੇ ਦਾ ਉੱਠਣ ਨੂੰ ਦਿਲ ਨਹੀਂ ਕਰਦਾ। ਕਈ ਆਪਣੀਆਂ ਈਰਖਾ ਤੇ ਸਾੜੇ ਭਰੀਆਂ ਗੱਲਾਂ ਨਾਲ ਖਿੜੇ ਚਿਹਰਿਆਂ 'ਤੇ ਵੀ ਮੁਰਦਾ ਸ਼ਾਂਤੀ ਲਿਆ ਦਿੰਦੇ ਹਨ। ਉਨ੍ਹਾਂ ਦੇ ਮਹਿਫ਼ਲ 'ਚ ਦਾਖਲ ਹੁੰਦਿਆਂ ਹੀ ਵੀਰਾਨੀ ਛਾ ਜਾਂਦੀ ਹੈ। ਹਾਸੇ 'ਤੇ ਲੱਗਦਾ ਕੁਝ ਨਹੀਂ, ਬਸ ਆਪਣੀਆਂ ਆਦਤਾਂ ਬਦਲਣ ਦੀ ਲੋੜ ਹੁੰਦੀ ਹੈ। ਜੇ ਅਸੀਂ ਆਪਣੇ ਮਨ 'ਚੋਂ ਈਰਖਾ, ਸਾੜਾ ਕੱਢ ਦੇਵਾਂਗੇ ਤਾਂ ਸਾਨੂੰ ਹਰ ਕੋਈ ਆਪਣਾ ਨਜ਼ਰ ਆਵੇਗਾ। ਸਾਡੇ ਖ਼ੁਸ਼ੀ ਭਰੇ ਨੈਣਾਂ ਨੂੰ ਸਭ ਕੁਝ ਸੋਹਣਾ ਤੇ ਚੰਗਾ ਹੀ ਨਜ਼ਰ ਆਵੇਗਾ। ਸ਼ਾਇਦ ਏਸੇ ਲਈ ਕਿਸੇ ਨੇ ਈਰਖਾ ਸਾੜਾ ਛੱਡ ਦੇਣ ਦੀ ਬੇਨਤੀ ਕੀਤੀ ਹੋਵੇਗੀ:

ਵਗਦੀ ਏ ਰਾਵੀ ਚੰਨਾ,
ਵਿੱਚ ਸਿੱਟਦੀ ਆਂ ਪਤਾਸੇ ਵੇ,
ਛੱਡ ਈਰਖਾ ਤੇ ਸਾੜਾ,
ਵੰਡ ਜੱਗ ਵਿੱਚ ਹਾਸੇ ਵੇ।

ਮਨੁੱਖੀ ਜ਼ਿੰਦਗੀ ਬੜੀ ਅਨਮੋਲ ਹੈ। ਇਸ ਨੂੰ ਵਧੀਆ ਢੰਗ ਨਾਲ ਜਿਊਣ ਲਈ ਆਉ ਆਪਣੇ ਘਰਾਂ ਦੇ ਵਿਹੜੇ ਹਾਸਿਆਂ ਨਾਲ ਭਰੀਏ। ਸਦਾ ਚੜ੍ਹਦੀ ਕਲਾ ਵਿੱਚ ਰਹਿ ਕੇ ਜ਼ਿੰਦਗੀ ਪ੍ਰਤੀ ਹਾਂ-ਪੱਖੀ ਨਜ਼ਰੀਆ ਅਪਣਾਈਏ। ਕੁਦਰਤ ਨੂੰ ਪਿਆਰ ਕਰੀਏ। ਪਰਿਵਾਰ ਤੇ ਆਂਢ-ਗੁਆਂਢ ਦੇ ਮੈਂਬਰਾਂ ਨਾਲ ਮਿਲਵਰਤਣ ਨਾਲ ਰਹੀਏ। ਕਿਸੇ ਦੀ ਖ਼ੁਸ਼ੀ ਨੂੰ ਤੱਕ ਕੇ ਸੜਨ ਦੀ ਥਾਂ ਉਸ ਦੀ ਖ਼ੁਸ਼ੀ ਵਿੱਚ ਖ਼ੁਸ਼ ਹੋਈਏ। ਫੁੱਲਾਂ ਵਾਂਗ ਖਿੜੇ, ਦੂਜਿਆਂ ਨੂੰ ਵੀ ਸੁਗੰਧੀਆਂ ਵੰਡੀਏ। ਕੁਦਰਤ ਦੀ ਸਾਜੀ ਸਮੁੱਚੀ ਕਾਇਨਾਤ ਨੂੰ ਪਿਆਰ ਕਰਦੇ ਹੋਏ ਇਸ ਤਰ੍ਹਾਂ ਵਿਚਰੀਏ ਕਿ ਖ਼ੁਦ ਵੀ ਜ਼ਿੰਦਗੀ ਦਾ ਹਰ ਛਿਣ ਮਾਣੀਏ ਤੇ ਬਾਕੀਆਂ ਲਈ ਵੀ ਜ਼ਿੰਦਗੀ ਨੂੰ ਮਾਣ ਲੈਣ ਦਾ ਸਬੱਬ ਬਣੀਏ। ਫਿਰ ਸਾਨੂੰ ਹੱਸਣ-ਹਸਾਉਣ ਲਈ ਬਨਾਉਟੀ ਕਾਮੇਡੀ ਸ਼ੋਅ ਦੀ ਲੋੜ ਨਹੀਂ ਪਵੇਗੀ। ਸਾਡੀ ਮਾਨਸਿਕਤਾ ਵੀ ਸਾਂਝੀਵਾਲਤਾ ਨੂੰ ਪਿਆਰ ਕਰਨ ਵਾਲੀ ਬਣ ਜਾਵੇਗੀ ਅਤੇ ਖ਼ੁਸ਼ੀਆਂ-ਖੇੜੇ ਸਾਡੇ ਮਨਾਂ ਵਿੱਚ ਵੱਸ ਜਾਣਗੇ ਅਤੇ ਜੀਵਨ ਕੁਦਰਤ ਵੱਲੋਂ ਬਖ਼ਸ਼ੀ ਅਨਮੋਲ ਸੁਗਾਤ ਲੱਗੇਗਾ।

# ਬੌਬੀ ਦਿਓਲ ਦੀ ਵੈੱਬ ਸੀਰੀਜ ਦੇ ਸੈੱਟ 'ਤੇ ਭੰਨਤੋੜ, ਪ੍ਰਕਾਸ਼ ਝਾਅ ਦੇ ਮੂੰਹ 'ਤੇ ਸੁੱਟੀ ਸਿਆਹੀ





ਬੌਬੀ ਦਿਓਲ ਦੀ ਵੈੱਬ ਸੀਰੀਜ 'ਆਸਰਮ' ਦੇ ਦੋ ਸੀਜਨ ਹਿੱਟ ਹੋਣ ਤੋਂ ਬਾਅਦ ਹੁਣ ਇਸ ਦੇ ਤੀਜੇ ਸੀਜਨ ਦੀਆਂ ਤਿਆਰੀਆਂ ਜੋਰਾਂ 'ਤੇ ਹਨ। ਪ੍ਰਕਾਸ ਝਾਅ ਨੇ ਭੋਪਾਲ 'ਚ ਆਪਣੀ ਕਾਸਟ ਨਾਲ ਸੂਟਿੰਗ ਸੁਰੂ ਕਰਨ ਦੀ ਯੋਜਨਾ ਬਣਾਈ ਹੈ ਪਰ ਅਜਿਹਾ ਲੱਗਦਾ ਹੈ ਕਿ ਇਸ ਵੈੱਬ ਸੀਰੀਜ ਨਾਲ ਲੋਕਾਂ ਦੀ ਨਾਰਾਜਗੀ ਅਜੇ ਖਤਮ ਨਹੀਂ ਹੋਈ ਹੈ। 'ਆਸਰਮ 3' ਦੇ ਸੈੱਟ 'ਤੇ ਭੰਨਤੋੜ ਦੀਆਂ ਖਬਰਾਂ ਹਨ।

ਨਿਊਜ ਏਜੰਸੀ ਏ. ਐੱਨ. ਆਈ. ਦੀ ਰਿਪੋਰਟ ਮੁਤਾਬਕ, ਭੋਪਾਲ 'ਚ ਬਜਰੰਗ ਦਲ ਦੇ ਲੋਕਾਂ ਨੇ 'ਆਸਰਮ 3' ਦੇ ਸੈੱਟ ਦੀ ਭੰਨਤੋੜ ਕੀਤੀ। ਇਸ ਦੇ ਨਾਲ ਹੀ ਬਜਰੰਗ ਦਲ ਦੇ ਲੋਕਾਂ ਨੇ ਪ੍ਰਕਾਸ ਝਾਅ ਦੇ ਚਿਹਰੇ 'ਤੇ ਸਿਆਹੀ ਵੀ ਸੁੱਟੀ ਹੈ। ਉਸ ਦਾ ਕਹਿਣਾ ਹੈ ਕਿ ਵੈੱਬ ਸੀਰੀਜ ਦਾ ਨਾਂ ਬਦਲਿਆ ਜਾਣਾ ਚਾਹੀਦਾ ਹੈ ਨਹੀਂ ਤਾਂ ਉਹ ਮੱਧ ਪ੍ਰਦੇਸ 'ਚ ਸੀਰੀਜ ਦੀ ਸੂਟਿੰਗ ਨਹੀਂ ਹੋਣ ਦੇਵੇਗਾ। ਖਬਰਾਂ ਮੁਤਾਬਕ, ਬਜਰੰਗ ਦਲ ਦੇ ਲੋਕਾਂ ਨੇ ਸੈੱਟ 'ਤੇ ਪ੍ਰਕਾਸ ਝਾਅ ਮੁਰਦਾਬਾਦ, ਬੌਬੀ ਦਿਓਲ ਮੁਰਦਾਬਾਦ ਅਤੇ ਜੈ ਸ੍ਰੀ ਰਾਮ ਦੇ ਨਾਅਰੇ ਲਾਏ। ਉਸ ਨੇ ਇਹ ਵੀ ਕਿਹਾ ਕਿ ਉਹ ਬੌਬੀ ਦਿਓਲ ਦੀ ਤਲਾਸ ਕਰ ਰਹੇ ਹਨ, ਜੋ ਸੀਰੀਜ ਦਾ ਮੁੱਖ ਕਿਰਦਾਰ ਹੈ। ਬੌਬੀ ਨੂੰ ਆਪਣੇ ਭਰਾ ਸੰਨੀ ਦਿਓਲ ਤੋਂ ਕੁਝ ਸਿੱਖਣਾ ਚਾਹੀਦਾ ਹੈ। ਬਜਰੰਗ ਦਲ ਦੇ ਭੋਪਾਲ ਨੇਤਾ ਸੁਸੀਲ ਸੁਡੇਲੇ ਨੇ ਕਿਹਾ ਕਿ ਸੋਅ ਦਾ ਨਾਂ 'ਆਸਰਮ' ਤੋਂ ਬਦਲਿਆ ਜਾਣਾ ਚਾਹੀਦਾ ਹੈ ਨਹੀਂ ਤਾਂ ਸੂਬੇ 'ਚ ਸੂਟਿੰਗ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਅਸੀਂ ਚਾਹੁੰਦੇ ਹਾਂ ਕਿ ਫਲਿਮ ਉਦਯੋਗ ਨੂੰ ਮੱਧ ਪ੍ਰਦੇਸ 'ਚ ਅੱਗੇ ਵਧਾਇਆ ਜਾਵੇ। ਲੋਕਾਂ ਨੂੰ ਕੰਮ ਮਿਲਣਾ ਚਾਹੀਦਾ ਹੈ ਪਰ ਇਸ ਜਮੀਨ ਦੀ ਵਰਤੋਂ ਹਿੰਦੂ ਸਮਾਜ ਨੂੰ ਜਲੀਲ ਕਰਨ ਲਈ ਨਹੀਂ ਹੋਣੀ ਚਾਹੀਦੀ।

ਸੁਸੀਲ ਸੁਡੇਲੇ ਨੇ ਅੱਗੇ ਕਿਹਾ ਕਿ ਬਾਕੀ ਵੈੱਬ ਸੀਰੀਜ 'ਚ ਇਹ ਦਿਖਾਇਆ ਗਿਆ ਸੀ ਕਿ 'ਆਸਰਮ' 'ਚ ਔਰਤਾਂ ਦਾ ਸੋਸਣ ਕੀਤਾ ਜਾਂਦਾ ਹੈ। ਕੀ ਇਸ ਤਰ੍ਹਾਂ ਹੈ ? ਹਿੰਦੂਆਂ ਨੂੰ ਫਸਾਉਣਾ ਬੰਦ ਕਰੋ। ਜੇਕਰ ਉਹ ਲੋਕਪ੍ਰਿਅਤਾ ਚਾਹੁੰਦੇ ਹਨ ਤਾਂ ਉਹ ਕਿਸੇ ਹੋਰ ਧਰਮ ਦਾ ਨਾਂ ਕਿਉਂ ਨਹੀਂ ਲੈਂਦੇ ਅਤੇ ਦੇਖਦੇ ਹਨ ਕਿ ਕਿੰਨੇ ਵਿਰੋਧ ਪ੍ਰਦਰਸਨ ਹਨ। ਰਿਪੋਰਟਾਂ 'ਚ ਕਿਹਾ ਗਿਆ ਹੈ ਕਿ ਜਿਵੇਂ ਹੀ ਵਰਕਰਾਂ ਨੇ ਸੈੱਟ 'ਤੇ ਹੰਗਾਮਾ ਕਰਨਾ ਸੁਰੂ ਕੀਤਾ ਉਨ੍ਹਾਂ ਨੇ 'ਪ੍ਰਕਾਸ ਝਾਅ ਮੁਰਦਾਬਾਦ', 'ਬੌਬੀ ਦਿਓਲ ਮੁਰਦਾਬਾਦ' ਅਤੇ 'ਜੈ ਸ੍ਰੀ ਰਾਮ' ਦੇ ਨਾਅਰੇ ਲਗਾਏ। ਬਜਰੰਗ ਦਲ ਦੇ ਨੇਤਾ ਸੁਸੀਲ ਨੇ ਕਿਹਾ ਹੈ ਕਿ ਅਸੀਂ ਸਿਰਫ ਪ੍ਰਕਾਸ ਝਾਅ ਨੂੰ ਚਿਤਾਵਨੀ ਦਿੱਤੀ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਉਹ ਸੋਅ ਦਾ ਸਿਰਲੇਖ ਬਦਲਣ ਦੀ ਗੱਲ ਕਰ ਰਹੇ ਹਨ।

# ਗਿੱਪੀ ਗਰੇਵਾਲ ਤੇ ਨੀਰੂ ਬਾਜਵਾ 12 ਸਾਲਾਂ ਬਾਅਦ ਰਿਕਾਰਡ ਤੋੜਨ ਲਈ ਤਿਆਰ




ਸਾਲ 2010 'ਚ ਪੰਜਾਬੀ ਸੰਗੀਤ ਉਦਯੋਗ ਦੇ ਰਾਕਸਟਾਰ ਨੇ ਜਦੋਂ ਨੀਰੂ ਬਾਜਵਾ ਦੇ ਨਾਲ ਪਾਲੀਵੁੱਡ 'ਚ ਬਤੌਰ ਲੀਡ ਵਜੋਂ ਸ਼ੁਰੂਆਤ ਕੀਤੀ ਤਾਂ ਪੰਜਾਬੀ ਫਲਿਮਾਂ ਦਾ ਸੀਨ ਸਦਾ ਲਈ ਬਦਲ ਗਿਆ। ਇਕ ਦਹਾਕੇ ਬਾਅਦ ਉਸ ਜਾਦੂ ਨੂੰ ਮੁੜ ਸੁਰਜੀਤ ਕਰਨ ਲਈ ਗਿੱਪੀ ਗਰੇਵਾਲ ਤੇ ਨੀਰੂ ਬਾਜਵਾ ਆਗਾਮੀ ਪੰਜਾਬੀ ਫਲਿਮ 'ਪਾਣੀ 'ਚ ਮਧਾਣੀ' ਨਾਲ ਸਕ੍ਰੀਨ ਸਾਂਝੀ ਕਰਨ ਲਈ ਤਿਆਰ ਹਨ।

ਇਸ ਕਾਮੇਡੀ ਫਲਿਮ ਦਾ ਨਿਰਦੇਸਨ ਵਿਜੇ ਕੁਮਾਰ ਅਰੋੜਾ ਨੇ ਕੀਤਾ ਹੈ। ਕਹਾਣੀ ਤੇ ਸਕ੍ਰੀਨਪਲੇ ਨਰੇਸ ਕਥੂਰੀਆ ਵਲੋਂ ਲਿਖਿਆ ਗਿਆ ਹੈ। ਸਟਾਰ ਕਾਸਟ 'ਚ ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਨਿਰਮਲ ਰਿਸੀ ਤੇ ਇਫਤਿਖਾਰ ਠਾਕੁਰ ਸਾਮਲ ਹਨ। ਇਹ ਪੀਰੀਅਡ ਡਰਾਮਾ ਕਹਾਣੀ ਇਕ ਅਜਿਹੇ ਗਾਇਕ ਦੇ ਆਲੇ-ਦੁਆਲੇ ਘੁੰਮਦੀ ਹੈ, ਜੋ ਆਪਣੀ ਪਾਰਟਨਰ ਦੇ ਨਾਲ ਸਫਲਤਾ ਪ੍ਰਾਪਤ ਕਰਦਾ ਹੈ ਤੇ ਉਸ ਦੀ ਜਿੱਤੀ ਲਾਟਰੀ ਕਿਵੇਂ ਗੁੰਮ ਹੁੰਦੀ ਹੈ ਤੇ ਇਸ ਦੀ ਭਾਲ 'ਚ ਹਫੜਾ-ਦਫੜੀ ਹੁੰਦੀ ਹੈ।


ਇਸ ਤੋਂ ਇਲਾਵਾ ਗਿੱਪੀ ਗਰੇਵਾਲ ਤੇ ਨੀਰੂ ਬਾਜਵਾ 'ਫੱਟੇ ਦਿੰਦੇ ਚੱਕ ਪੰਜਾਬੀ' ਤੇ 'ਸਨੋਮੈਨ' ਸਮੇਤ ਵੱਖ-ਵੱਖ ਪ੍ਰਾਜੈਕਟਾਂ 'ਚ ਇਕੱਠੇ ਨਜਰ ਆਉਣਗੇ। 'ਪਾਣੀ 'ਚ ਮਧਾਣੀ' 5 ਨਵੰਬਰ, 2021 ਨੂੰ ਸਿਨੇਮਾਘਰਾਂ 'ਚ ਰਿਲੀਜ ਹੋਵੇਗੀ।

# ਕੀ ਆਈ. ਪੀ. ਐੱਲ. ਟੀਮ ਦੇ ਮਾਲਕ ਬਣਨਗੇ ਰਣਵੀਰ ਤੇ ਦੀਪਿਕਾ ?

ਕ੍ਰਿਕਟ ਤੇ ਸਿਨੇਮਾ ਦਾ ਰਿਸਤਾ ਬਹੁਤ ਪੁਰਾਣਾ ਹੈ। ਸਾਹਰੁਖ ਖਾਨ ਤੋਂ ਲੈ ਕੇ ਪ੍ਰੀਤੀ ਜ਼ਿੰਟਾ ਤਕ, ਬਹੁਤ ਸਾਰੇ ਸਿਤਾਰੇ ਹਨ, ਜੋ ਕ੍ਰਿਕਟ ਨੂੰ ਪਿਆਰ ਕਰਦੇ ਹਨ ਤੇ ਇਸ ਲਈ ਕਰੋੜਾਂ ਰੁਪਏ ਦਾ ਨਿਵੇਸ ਕਰ ਚੁੱਕੇ ਹਨ। ਦੋਵੇਂ ਇੰਡੀਅਨ ਪ੍ਰੀਮੀਅਰ ਲੀਗ (ਆਈ. ਪੀ. ਐੱਲ.) 'ਚ ਆਪਣੀਆਂ ਟੀਮਾਂ ਦੇ ਮਾਲਕ ਹਨ। ਹੁਣ ਬਾਲੀਵੁੱਡ ਦੇ ਇਕ ਹੋਰ ਖੂਬਸੂਰਤ ਜੋੜੇ ਦਾ ਨਾਂ ਇਸ ਸੂਚੀ 'ਚ ਸਾਮਲ ਹੋਣ ਜਾ ਰਿਹਾ ਹੈ। ਬਾਲੀਵੁੱਡ ਅਦਾਕਾਰ ਰਣਵੀਰ ਸਿੰਘ ਤੇ ਅਦਾਕਾਰਾ ਦੀਪਿਕਾ ਪਾਦੁਕੋਣ ਬਾਰੇ ਚਰਚਾਵਾਂ ਤੇਜ ਹੋ ਰਹੀਆਂ ਹਨ ਕਿ ਆਲੀਸਾਨ ਬੰਗਲੇ ਤੋਂ ਬਾਅਦ ਹੁਣ ਦੋਵੇਂ ਆਈ. ਪੀ. ਐੱਲ. ਟੀਮ ਦੇ ਮਾਲਕ ਬਣ ਜਾਣਗੇ।

ਦਰਅਸਲ ਅਗਲੇ ਸਾਲ ਹੋਣ ਵਾਲੇ ਆਈ. ਪੀ. ਐੱਲ. 'ਚ ਬਹੁਤ ਸਾਰੇ ਬਦਲਾਅ ਦੇਖਣ ਨੂੰ ਮਿਲਣ ਜਾ ਰਹੇ ਹਨ। ਹੁਣ ਤਕ 8 ਟੀਮਾਂ ਆਈ. ਪੀ. ਐੱਲ. 'ਚ ਖੇਡਦੀਆਂ ਵੇਖੀਆਂ ਗਈਆਂ ਸਨ ਪਰ ਹੁਣ 8 ਨਹੀਂ, ਸਗੋਂ 10 ਟੀਮਾਂ ਸਾਮਲ ਕੀਤੀਆਂ ਜਾਣਗੀਆਂ। ਇਕ ਰਿਪੋਰਟ ਅਨੁਸਾਰ ਬਾਲੀਵੁੱਡ ਸੁਪਰਸਟਾਰ ਜੋੜੀ ਦੀਪਿਕਾ ਪਾਦੁਕੋਣ ਤੇ ਰਣਵੀਰ ਸਿੰਘ ਨੇ ਵੀ ਟੀਮ ਖਰੀਦਣ 'ਚ ਆਪਣੀ ਦਿਲਚਸਪੀ ਦਿਖਾਈ ਹੈ।

ਰਿਪੋਰਟ ਅਨੁਸਾਰ ਬਾਲੀਵੁੱਡ ਸੁਪਰਸਟਾਰ ਜੋੜੀ ਦੀਪਿਕਾ ਪਾਦੁਕੋਣ ਤੇ ਰਣਵੀਰ ਸਿੰਘ ਕ੍ਰਿਸਟੀਆਨੋ ਰੋਨਾਲਡੋ ਦੀ ਮੈਨਚੈਸਟਰ ਯੂਨਾਈਟਿਡ ਦੇ ਨਾਲ ਨਵੀਂ ਆਈ. ਪੀ. ਐੱਲ ਟੀਮ 'ਤੇ ਸੱਟਾ ਲਗਾ ਸਕਦੇ ਹਨ। ਹੁਣ ਤਕ ਦੋ ਲੋਕ ਇਕੱਠੇ ਟੀਮ ਖਰੀਦਦੇ ਸਨ ਪਰ ਹੁਣ ਨਵੀਂ ਟੀਮ ਲਈ ਕਈ ਕੰਪਨੀਆਂ ਜਾਂ ਕੰਸੋਰਟੀਅਮ ਬੋਲੀ ਲਗਾ ਸਕਦੇ ਹਨ। ਦੋਵਾਂ ਟੀਮਾਂ ਦੀ ਬੋਲੀ ਬੀ. ਸੀ. ਸੀ. ਆਈ. ਦੁਆਰਾ ਕੀਤੀ ਜਾਵੇਗੀ।



The ONLY temple in the world outside India dedicated to Shri Shani Maharaj

# Shri SHANI DEV Mandir, New York
# Sarvamangala Shri SANEESWARA Temple, New York


***Regular Poojas' and Homas' are conducted on daily basis:***


***Special Poojas:***

*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More… … .*











**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

***The Temple entrance is in the western side parking lot behind Hot Breads & Maharajas in New Hyde Park NY***

***Functions of the space:***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**